

ਹੱਸਦੀ ਦੁਨੀਆ
Hansti Duniya (Punjabi)
Vol. 43 No. 2
February 2019
₹15/-

# ਹੰਸਤੀ ਦੁਨੀਆ

ਹੰਸਤੀ ਦੁਨੀਆ
• Vol. 43 • ਅੰਕ : 02 • ਫਰਵਰੀ 2019 • Pages : 52
(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)
Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

*Editor (Honorary)*
Sulekh Singh 'Sathi'
**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org

## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.


ਸਭ ਤੋਂ ਪਹਿਲਾਂ

## ਧਿਆਨ ਦਈਏ
### ਆਪਣੀ ਪੜ੍ਹਾਈ ਵਲ










## ਸਤੰਭ

ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50



## ਚਿੱਤਰਕਥਾਵਾਂ

ਕਿੱਟੀ 20
ਦਾਦਾ ਜੀ 46















## ਕਹਾਣੀਆਂ


ਸ਼ੇਰਖਾਨ ਦਾ ਕਹਿਰ
– ਅਮਨਪ੍ਰੀਤ 06
ਭਾਲੂ, ਚੀਤਾ ਅਤੇ ਖਰਗੋਸ਼
– ਏ.ਪੀ. ਨਿਰੰਕਾਰੀ 11
ਕ੍ਰਿਸ਼ਨ ਅਤੇ ਕੰਸ
– ਸੀ.ਐਲ ਗੁਲਾਟੀ 24
ਰੂਪ ਦਾ ਘਮੰਡ
– ਵਿਭਾ ਵਰਮਾ 32
ਸਭ ਤੋਂ ਚੰਗਾ
– ਡਾ. ਸ਼ਾਮ ਮਨੋਹਰ 35
ਚਾਰ ਚੂਹੇ
– ਘਣਸ਼ਿਆਮ 40
ਭਵਿੱਖਬਾਣੀ ਦਾ ਕਮਾਲ
– ਜੈਇੰਦਰ 45


## ਗੀਤ-ਕਵਿਤਾਵਾਂ


ਆਈ ਫੇਰ ਬਸੰਤ
– ਬਲਵਿੰਦਰ ਬਾਲਮ 5
ਬੁਝਾਰਤਾਂ
– ਭੀਮ ਸੈਨ 8
ਕਰ ਲੈ ਤਿਆਰੀ ਪੇਪਰਾਂ ਦੀ
– ਜਸਵਿੰਦਰ ਸ਼ਾਇਰ 18
ਪਿਆਰੇ ਬੱਚਿਓ ! ਸਬਜ਼ੀਆਂ ਖਾਓ
– ਅਮਨ ਅੰਮ੍ਰਿਤਸਰੀ 26
ਵਿਦਿਆ
– ਸੁੰਦਰਪਾਲ ਪ੍ਰੇਮੀ 31
ਖੱਟੇ ਅੰਗੂਰ
– ਰਣਜੀਤ ਆਜ਼ਾਦ 34
ਮਾਂ
– ਜਗਤਾਰ ਚਮਨ 36
ਸੋਨੂੰ ਦੀ ਚਾਲਾਕੀ
– ਅਵਤਾਰ ਸਿੰਘ ਸੰਧੂ 39
ਸੁਣੋ ਵੱਖ-ਵੱਖ ਆਵਾਜ਼ਾਂ
– ਸੁਨੀਤ ਕੌਰ 43


## ਵਿਸ਼ੇਸ਼ ਲੇਖ


– ਊਠ ਦੀਆਂ ਖੂਬੀਆਂ
– ਡਾ. ਵਿਨੋਦ ਗੁਪਤਾ 09
ਗੁਣਾਂ ਦੀ ਖਾਨ-ਆਂਵਲਾ
– ਪਰਿਧੀ ਜੈਨ 14
ਤਿਤਲੀ ਮੱਛੀ
– ਡਾ. ਪਰਸ਼ੂਰਾਮ 28
ਉਡੱਣ ਵਾਲੀ ਛਿਪਕਲੀ
– ਪੁਸ਼ਪਾ ਅਰੋੜਾ 33
ਗਜ਼ਬ ਹੈ ਚਿੜੀ
– ਕਮਲ ਸੋਗਾਨੀ 44




# ਧਿਆਨ ਦਈਏ ਆਪਨੀ ਪੜਾਈ ਵਲ

ਪਿਆਰੇ ਬੱਚਿਓ ! ਆ ਗਿਆ ਹੈ ਮੁੜ ਫਰਵਰੀ ਦਾ ਮਹੀਨਾ। ਰੁਝੇਵੇਂ ਅਤੇ ਮਿਹਨਤ ਦਾ ਮਹੀਨਾ। ਤੁਸੀਂ ਸਾਰੇ ਲਗ ਗਏ ਹੋਵੋਗੇ ਅਪਣੀ ਪਰੀਖਿਆ ਦੀ ਤਿਆਰੀ ਵਿਚ। ਹੁਣ ਤਾਂ ਬਿਲਕੁਲ ਫੁਰਸਤ ਹੀ ਨਹੀਂ ਹੋਵੇਗੀ ਤੁਹਾਨੂੰ। ਹੋਣੀ ਵੀ ਨਹੀਂ ਚਾਹੀਦੀ ਕਿਉਂਕਿ ਤੁਸੀ ਜਾਣਦੇ ਹੋ ਕਿ ਇਹ ਮਹੀਨਾ ਵਿਦਿਆਰਥੀਆਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਕਿਉਂਕਿ ਇਸੀ ਮਹੀਨੇ ਜਾਂ ਇਸ ਦੇ ਮਗਰੋਂ ਆਉਣ ਵਾਲੇ ਮਾਰਚ ਮਹੀਨੇ ਵਿਚ ਸਾਰੇ ਬੱਚਿਆਂ ਦੇ ਸਾਲਾਨਾ ਇਮਤਿਹਾਨ ਹੁੰਦੇ ਹਨ। ਇਸ ਲਈ ਸਾਡਾ ਪੂਰਾ ਧਿਆਨ ਆਪਣੀ ਪੜਾਈ ਵੱਲ ਹੀ ਹੋਣਾ ਚਾਹੀਦਾ ਹੈ। ਇਹ ਇਮਤਿਹਾਨ ਸਾਡੇ ਪੂਰੇ ਸਾਲ ਦੀ ਕੀਤੀ ਪੜਾਈ ਦਾ ਫਲ ਹਾਸਿਲ ਕਰਨ ਦਾ ਮੌਕਾ ਹੁੰਦੇ ਹਨ ਅਤੇ ਇਹਨਾਂ ਦੇ ਨਤੀਜੇ ਸਾਡੇ ਭਵਿੱਖ ਦੇ ਸ਼ਿਖਰ ਦੀ ਮੰਜ਼ਿਲ ਤੱਕ ਪਹੁੰਚਣ ਲਈ ਇਕ ਪੌੜੀ ਬਣਦੇ ਹਨ। ਜੇਕਰ ਨਤੀਜਾ ਪੌਜ਼ਿਟਿਵ ਹੋਵੇ ਤਾਂ ਅਸੀਂ ਉਸ ਮੰਜਿਲ ਦੀ ਇਕ ਪੌੜੀ ਉੱਪਰ ਚੜ ਜਾਂਦੇ ਹਾਂ ਅਤੇ ਜੇਕਰ ਕਿਤੇ ਰਹਿ ਗਏ ਤਾਂ ਫਿਰ ਸਾਨੂੰ ਇਕ ਸਾਲ ਹੋਰ ਇਸੀ ਪੌੜੀ ਤੇ ਰੁਕ ਕੇ ਇੰਤਜ਼ਾਰ ਕਰਨਾ ਪੈ ਸਕਦਾ ਹੈ। ਇਸ ਲਈ ਇਸ ਸਮੇਂ ਨੂੰ ਬਿਲਕੁਲ ਵਿਅਰਥ ਨਹੀਂ ਕਰਨਾ ਬਲਕਿ ਇਕ-ਇਕ ਪਲ ਦੀ ਕੀਮਤ ਸਮਝਦੇ ਹੋਏ ਪੂਰੀ ਮਿਹਨਤ, ਸੰਜੀਦਗੀ ਅਤੇ ਲਗਨ ਨਾਲ ਪੜਾਈ ਕਰਦੇ ਹੋਏ ਅਗਲੀ ਪੌੜੀ ਤੇ ਚੜਨ ਦਾ ਦ੍ਰਿੜ ਸੰਕਲਪ ਕਰਨਾ ਹੈ। ਇਹ ਸਿਰਫ ਸਾਡੇ ਭਵਿੱਖ ਲਈ ਹੀ ਮਹੱਤਵਪੂਰਨ ਨਹੀਂ ਹੈ ਬਲਕਿ ਸਾਡੇ ਮਾਤਾ-ਪਿਤਾ ਅਤੇ ਪ੍ਰੀਵਾਰਕ ਮੈਂਬਰਾਂ ਦੀ ਆਸ ਪੂਰਨ ਦਾ ਵੀ ਸਮਾਂ ਹੈ ਜੋ ਨਿਰੰਤਰ ਸਾਡੀ ਸਫਲਤਾ ਦੀ ਕਾਮਨਾ ਕਰਦੇ ਰਹਿੰਦੇ ਹਨ।


ਪਿਆਰੇ ਬੱਚਿਓ ! ਇਸੀ ਮਹੀਨੇ ਗੁਰੂ ਪੂਜਾ ਦਿਵਸ ਵੀ ਆਉਂਦਾ ਹੈ ਜੋ ਸਾਨੂੰ ਆਪਣੇ ਗੁਰੂ ਪ੍ਰਤੀ ਸਮਰਪਿਤ ਭਾਵ ਨਾਲ ਜੀਵਨ ਜੀਣ ਦੀ ਪ੍ਰੇਰਣਾ ਦਿੰਦਾ ਹੈ। ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਦੇ ਪਾਵਨ ਜਨਮਦਿਨ ਨੂੰ ਨਿਰੰਕਾਰੀ ਸ਼ਰਧਾਲੂਆਂ ਵੱਲੋਂ ਗੁਰੂ ਪੂਜਾ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਨਿਰੰਕਾਰੀ ਬਾਬਾ ਜੀ ਪੂਰੇ ਵਿਸ਼ਵ ਵਿਚ ਅਮਨ, ਸ਼ਾਂਤੀ, ਭਾਈਚਾਰੇ ਦੀਆਂ ਭਾਵਨਾਵਾਂ ਦੀ ਸਿੱਖਿਆ ਪ੍ਰਦਾਨ ਕਰਕੇ ਇਨਸਾਨੀ ਮਨਾਂ ਵਿਚ ਪਿਆਰ, ਨਿਮਰਤਾ ਅਤੇ ਸਹਿਨਸ਼ੀਲਤਾ ਵਾਲੇ ਗੁਣ ਭਰਦੇ ਰਹੇ ਹਨ ਜੋ ਅੱਜ ਸੰਸਾਰ ਦੀ ਵੱਡੀ ਲੋੜ ਹੈ। ਇਨ੍ਹਾਂ ਗੁਣਾ ਨੂੰ ਵੀ ਜੀਵਨ ਵਿਚ ਅਪਨਾਉਣਾ ਜਰੂਰੀ ਹੈ।

ਸੋ ਬੱਚਿਓ ! ਅਸੀਂ ਆਪਣੀ ਪੜਾਈ ਵਲ ਪੂਰਾ ਧਿਆਨ ਦਿੰਦੇ ਹੋਏ ਨਾਲ ਨਾਲ ਦਿਲ ਵਿਚ ਹਮੇਸ਼ਾ ਪਿਆਰ, ਨਿਮਰਤਾ, ਲਗਨ, ਮਿਹਨਤ ਅਤੇ ਇਮਾਨਦਾਰੀ ਵਰਗੇ ਗੁਣਾਂ ਨੂੰ ਅਪਨਾ ਕੇ ਰੱਖਣਾ ਹੈ।

ਸੁਲੇਖ 'ਸਾਥੀ'
ssathi_2007@yahoo.com

ਬਲਵਿੰਦਰ 'ਬਾਲਮ'

# ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ



ਸੁੰਦਰਤਾ ਦਾ ਤਾਜ ਪਹਿਨ ਕੁਦਰਤ ਦੇ ਦਰਪਣ ਵਿਚ
ਫੁੱਲਾਂ ਦੀ ਸ਼ਹਿਜ਼ਾਦੀ ਬਣ ਕੇ ਸਾਰੇ ਗੁਲਸ਼ਨ ਵਿਚ।
ਮੌਸਮ ਵਿਚ ਖੁਸ਼ਬੂਆਂ ਲੈ ਕੇ ਆਈ ਫੇਰ ਬਸੰਤ।

ਅਪਣੀ ਸੁੰਦਰ ਮਾਂਗ ਚ ਭਰ ਕੇ ਸੱਚਾ-ਸੁੱਚਾ ਪਿਆਰ।
ਗੋਟੇ ਵਾਲੀ ਚੁੰਨੀ ਲੈ ਕੇ ਕਰਕੇ ਹਾਰ ਸ਼ਿੰਗਾਰ।
ਦੁਲਹਨ ਦੇ ਵਾਂਗੂ ਘੁੰਡ ਚੋਂ ਸ਼ਰਮਾਈ ਫੇਰ ਬਸੰਤ।
ਮੌਸਮ ਵਿਚ..........
ਸਰਦੀ ਨੂੰ ਮੁੜ ਤਾਲਾ ਲਾ ਕੇ ਲਾਹ ਕੇ ਗਰਮ ਰਜਾਈ।
ਕੋਸੇ-ਕੋਸੇ ਪਾਣੀ ਵਰਗੀ ਸੱਜਰੀ ਰੁੱਤ ਲਿਆਈ।
ਰੀਝਾਂ, ਸਧਰਾਂ, ਚਾਂਵਾਂ ਨਾਲ ਬੁਲਾਈ ਫੇਰ ਬਸੰਤ।
ਮੌਸਮ ਵਿਚ.........
ਅੰਬਰ ਦੇ ਵਿਚ ਰੰਗ ਬਿਰੰਗੀਆਂ ਉਡੱਣ ਦੇਖ ਪਤੰਗਾਂ।
ਜਿਉਂ ਅੰਬਰ ਵਿਚ ਚਿੱਤਰਕਾਰੀ ਕੀਤੀ ਹੋਵੇ ਰੰਗਾਂ।
ਆ-ਬੋ-ਈ-ਓ ਪੇਚਿਆਂ ਨਾਲ ਸਜਾਈ ਫੇਰ ਬਸੰਤ।
ਮੌਸਮ ਵਿਚ..........
ਸਾਂਝ ਪਰੀਤਾਂ ਦਾ ਸੰਦੇਸ਼ਾ ਇਸ ਦੀ ਝੋਲੀ ਅੰਦਰ।
ਜਿੰਦਾਂ ਹੋਵੇ ਮੱਖਣ ਖੰਡ ਪੰਜਾਬੀ ਬੋਲੀ ਅੰਦਰ।
ਏਦਾਂ ਚਾਰ ਚੁਫੇਰੇ ਅੱਜ ਮਹਿਕਾਈ ਫੇਰ ਬਸੰਤ।
ਮੌਸਮ ਵਿਚ.........
ਯਾਦ ਪੁਰਾਣੀ ਦਿਲ ਵਿਚ 'ਬਾਲਮ' ਉਘੜ ਆਈ ਮੁੜ ਕੇ।
ਖਵਰੇ ਕਾਗਜ਼ ਵਾਲੀ ਬੇੜੀ ਕਿੱਥੋਂ ਆ ਗਈ ਰੁੜ ਕੇ।
ਕਿਣ-ਮਿਣ ਕਿਣ-ਮਿਣ ਬਾਰਿਸ਼ ਵਿਚ ਨਹਾਈ ਫੇਰ ਬਸੰਤ।
ਮੌਸਮ ਵਿਚ ਖੁਸ਼ਬੂਆ ਲੈ ਕੇ ਆਈ ਫੇਰ ਬਸੰਤ।



ਅਮਨਪ੍ਰੀਤ

# ਸ਼ੇਰਖਾਨ ਦਾ ਕਹਿਰ

ਸੁੰਦਰਵਨ ਜੰਗਲ ਕਾਫ਼ੀ ਵੱਡਾ ਜੰਗਲ ਸੀ। ਜਿਸ ਵਿੱਚ ਹਰ ਤਰ੍ਹਾਂ ਦੇ ਜਾਨਵਰ ਅਤੇ ਪੰਛੀ ਮਿਲ-ਜੁਲ ਕੇ ਰਹਿੰਦੇ ਸਨ। ਸ਼ੇਰ ਖਾਨ ਇਸ ਜੰਗਲ ਦਾ ਰਾਜਾ ਸੀ ਜਿਸ ਤੋਂ ਸਭ ਡਰਦੇ ਸਨ। ਸ਼ੇਰਖ਼ਾਨ ਕਾਫ਼ੀ ਨਿਰਦਈ ਸੀ। ਸਭ ਜਾਨਵਰ ਉਸ ਤੋਂ ਛੁਪ ਕੇ ਰਹਿੰਦੇ ਸਨ ਅਤੇ ਆਪਣਾ ਬਚਾਵ ਕਰਦੇ ਸਨ। ਸ਼ੇਰਖਾਨ ਹਰ ਜਾਨਵਰ ਨੂੰ ਮਾਰ ਕੇ ਖਾ ਜਾਂਦਾ ਸੀ। ਇੱਕ ਵਾਰ ਸੁੰਦਰਵਨ ਜੰਗਲ ਵਿੱਚ ਅਜੀਬ ਕਿਸਮ ਦੀ ਘਟਨਾ ਵਾਪਰੀ। ਮੀਂਹ ਨਾ ਪੈਣ ਕਾਰਣ ਜੰਗਲ ਦੇ ਸਾਰੇ ਪਾਣੀ ਦੇ ਟੋਏ ਸੁੱਕ ਗਏ। ਜੰਗਲ ਦੀ ਨਦੀ ਵੀ ਸੁੱਕ ਗਈ ਸੀ। ਇੱਕ ਵੱਡੇ ਸਾਰੇ ਟੋਏ ਵਿੱਚ ਕੁਝ ਕੁ ਪਾਣੀ ਬਚਿਆ ਸੀ। ਉਸ ਉੱਤੇ ਸ਼ੇਰਖਾਨ ਨੇ ਆਪਣਾ ਕਬਜ਼ਾ ਕਰ ਲਿਆ ਸੀ। ਸਭ ਜਾਨਵਰ ਉਸ ਵੱਡੇ ਟੋਏ ਵੱਲ ਜਾ ਰਹੇ ਸੀ ਕਿਉਂਕਿ ਉਹ ਪਿਆਸ ਕਾਰਨ ਤੜਫ਼ ਰਹੇ ਸੀ। ਜਦੋਂ ਉਹ ਟੋਏ ਕੋਲ ਪਹੁੰਚੇ ਤਾਂ ਇੱਕ ਜਾਨਵਰ ਨੇ ਪਾਣੀ ਪੀਣ ਦੀ ਕੋਸ਼ਿਸ਼ ਕੀਤੀ। ਸ਼ੇਰ ਖ਼ਾਨ ਨੇ ਆਪਣੇ ਇੱਕ ਪੰਜੇ ਨਾਲ ਹੀ ਉਸਦਾ ਅੰਤ ਕਰ ਦਿੱਤਾ। ਸ਼ੇਰ ਖਾਨ ਬਹੁਤ ਦਹਾੜ ਰਿਹਾ ਸੀ ਤੇ ਕਹਿ ਰਿਹਾ ਸੀ ਇਸ ਪਾਣੀ ਤੇ ਸਿਰਫ਼ ਮੇਰਾ ਅਧਿਕਾਰ ਹੈ।

ਸ਼ੇਰ ਖਾਨ ਦੀ ਇਸ ਕਰਤੂਤ ਤੋਂ ਸਭ ਦੁਖੀ ਹੋ ਰਹੇ ਸਨ। ਉਹਨਾਂ ਦੇ ਗਲੇ ਪਿਆਸ ਕਾਰਨ ਬਿਲਕੁਲ ਸੁੱਕ ਗਏ ਸਨ। ਉਹ ਸਭ ਸ਼ੇਰ ਖਾਨ ਅੱਗੇ ਹੱਥ ਜੋੜ ਕੇ ਅਰਦਾਸ ਕਰਨ ਲੱਗੇ ਕਿ ਸ਼ੇਰ ਖਾਨ ! ਸਾਨੂੰ ਪਾਣੀ ਪੀਣ ਦਿੱਤਾ ਜਾਵੇ। ਅਸੀਂ ਤੁਹਾਡਾ ਹਰ ਹੁਕਮ ਮੰਨਾਂਗੇ ਪਰ ਸ਼ੇਰ ਖਾਨ ਕਿੱਥੇ ਮੰਨਣ ਵਾਲਾ ਸੀ। ਉਸ ਨੇ ਆਪਣਾ ਦਿਮਾਗ ਲੜਾਇਆ ਤੇ ਕਹਿਣ ਲੱਗਾ ਕਿ ਤੁਸੀ ਸਭ ਪਾਣੀ ਪੀ ਸਕਦੇ ਹੋ ਪਰ ਮੇਰੀ ਇੱਕ ਸ਼ਰਤ ਹੈ। ਜਾਨਵਰਾਂ ਨੇ ਪੁੱਛਿਆਂ ਕਿ ਕੀ ਸ਼ਰਤ ਹੈ? ਤਾਂ ਸ਼ੇਰ ਖਾਨ ਕਹਿਣ ਲੱਗਾ ਕਿ ਮੈਨੂੰ ਹਰ ਰੋਜ਼ ਤੁਹਾਡੇ ਵਿੱਚੋਂ ਇੱਕ ਜਾਨਵਰ ਖਾਣ ਲਈ ਚਾਹੀਦਾ ਹੈ। ਹਰ ਰੋਜ਼ ਇੱਕ ਜਾਨਵਰ ਭੇਜ ਦਿਆਂ ਕਰੋ ਅਤੇ ਅਗਰ ਬਹੁਤ ਮਨਜ਼ੂਰ ਹੈ ਤਾਂ ਤੁਸੀ ਪਾਣੀ ਪੀ ਸਕਦੇ ਹੋ। ਸਭ ਜਾਨਵਰ ਸੋਚਣ ਲੱਗੇ ਕਿ ਜੇਕਰ ਪਾਣੀ ਨਾ ਮਿਲਿਆ ਤਾਂ ਅਸੀ ਵੈਸੇ ਵੀ ਪਿਆਸ ਕਾਰਨ ਮਰ ਜਾਵਾਂਗੇ। ਇਸ ਲਈ ਬਿਹਤਰ ਇਹੀ ਹੋਵੇਗਾ ਕਿ ਅਸੀਂ ਸ਼ੇਰ ਖਾਨ ਦੀ ਸ਼ਰਤ ਮੰਨ ਲਈਏ।

ਸੋ ਸਭ ਜਾਨਵਰਾਂ ਨੇ ਮਿਲ ਕੇ ਸ਼ੇਰ ਖਾਨ ਨੂੰ ਕਿਹਾ ਕਿ ਤੁਹਾਡੀ ਸ਼ਰਤ ਸਾਨੂੰ ਮਨਜ਼ੂਰ ਹੈ। ਸਭ ਨੇ ਪੇਟ ਭਰ ਪਾਣੀ ਪੀਤਾ ਤੇ ਆਪਣੀ ਪਿਆਸ



ਬੁਝਾਈ। ਪਰ ਸ਼ੇਰਖਾਨ ਨੂੰ ਰੋਜ਼ ਇੱਕ ਜਾਨਵਰ ਵੀ ਦੇਣਾ ਸੀ। ਇਹ ਵੀ ਬਹੁਤ ਵੱਡੀ ਸਮੱਸਿਆ ਸੀ। ਹੁਣ ਹਰ ਇੱਕ ਜਾਨਵਰ ਨੂੰ ਸ਼ੇਰ ਖਾਨ ਕੋਲ ਜਾਣਾ ਪੈਂਦਾ ਸੀ। ਸ਼ੇਰ ਖਾਨ ਹਰ-ਰੋਜ਼ ਇੱਕ ਜਾਨਵਰ ਨੂੰ ਮਾਰ ਕੇ ਖਾ ਜਾਂਦਾ ਸੀ। ਜਿਸ ਕਾਰਨ ਜਾਨਵਰਾਂ ਦੀ ਗਿਣਤੀ ਵੀ ਲਗਾਤਾਰ ਦਿਨੋਂ-ਦਿਨ ਘੱਟ ਰਹੀ ਸੀ। ਇੱਕ ਦਿਨ ਸਭ ਜਾਨਵਰਾਂ ਦੇ ਦਿਲ ਖਿੜ ਗਏ ਕਿਉਂਕਿ ਆਸਮਾਨ ਵਿੱਚ ਬਹੁਤ ਬੱਦਲ ਚੜ੍ਹ ਕੇ ਆ ਗਏ ਅਤੇ ਬਹੁਤ ਜੋਰਾਂ ਦਾ ਮੀਂਹ ਪਿਆ ਜਿਸ ਨਾਲ ਜੰਗਲ ਦੀ ਨਦੀ ਵਿੱਚ ਚੱਲਣ ਲੱਗੀ ਅਤੇ ਸਾਰੇ ਟੋਏ ਵੀ ਪਾਣੀ ਨਾਲ ਭਰ ਗਏ। ਜਾਨਵਰਾਂ ਨੇ ਸੁੱਖ ਦਾ ਸਾਹ ਲਿਆ ਸੋਚਿਆ ਅਤੇ ਕਿ ਹੁਣ ਅਸੀਂ ਕੋਈ ਵੀ ਜਾਨਵਰ ਸ਼ੇਰ ਖਾਨ ਕੋਲ ਨਹੀਂ ਭੇਜਾਂਗੇ।

ਇਹ ਸੋਚ ਕੇ ਅਗਲੇ ਹੀ ਦਿਨ ਕੋਈ ਵੀ ਜਾਨਵਰ ਸ਼ੇਰ-ਖਾਨ ਕੋਲ ਨਹੀਂ ਪਹੁੰਚਿਆ। ਸ਼ੇਰ ਖਾਨ ਗੁੱਸੇ ਵਿੱਚ ਲਾਲ-ਪੀਲਾ ਹੋ ਗਿਆ। ਉਸਨੇ ਗੁੱਸੇ ਵਿੱਚ ਹੋਰ ਅਤਿਆਚਾਰ ਕਰਨਾ ਸ਼ੁਰੂ ਕਰ ਦਿੱਤਾ। ਜਿਸ ਨਾਲ ਜਾਨਵਰ ਪਹਿਲਾਂ ਪਿਆਸ ਨਾਲ ਮਰਦੇ ਸੀ ਹੁਣ ਭੁੱਖ-ਕਾਰਨ ਮਰਨ ਲੱਗੇ। ਸ਼ੇਰ ਨੂੰ ਜੋ ਵੀ ਜਾਨਵਰ ਬਾਹਰ ਮਿਲਦਾ ਉਸਨੂੰ ਖਤਮ ਕਰ ਦਿੰਦਾ ਸੀ। ਜਾਨਵਰਾਂ ਲਈ ਇਹ ਵੀ ਬਹੁਤ ਵੱਡੀ ਮੁਸੀਬਤ ਆ ਗਈ ਸੀ। ਜਾਨਵਰਾਂ ਨੇ ਫਿਰ ਹਿੰਮਤ ਕਰਕੇ ਸ਼ੇਰ-ਖਾਨ ਕੋਲ ਫਰਿਆਦ ਕੀਤੀ ਕਿ ਸਾਨੂੰ ਮੁਆਫ਼ ਕਰ ਦਿਓ। ਸਾਨੂੰ ਅਜ਼ਾਦੀ ਦੀ ਜ਼ਿੰਦਗੀ ਮਾਨਣ ਦਿਓ। ਅਸੀਂ ਤੁਹਾਡੇ ਕੋਲ ਉਸੇ ਤਰ੍ਹਾਂ ਹਰ ਰੋਜ਼ ਜਾਨਵਰ ਹੀ ਭੇਜ ਦਿਆਂ ਕਰਾਂਗੇ। ਸ਼ੇਰ ਖਾਨ ਫਿਰ ਬੋਲਿਆ- ਜੇ ਦੁਬਾਰਾ ਐਸੀ ਗਲਤੀ ਕੀਤੀ ਸਭ ਕੇ ਦੇਖ ਲੁਵਾਂਗਾ। ਸ਼ੇਰ ਖਾਨ ਦਾ ਮਸਾਂ ਹੀ ਗੁੱਸਾ ਸ਼ਾਂਤ ਹੋਇਆ ਅਤੇ ਉੱਥੋਂ ਚਲਾ ਗਿਆ। ਹੁਣ ਫਿਰ ਉਸੇ ਤਰ੍ਹਾਂ ਰੋਜ਼ ਇੱਕ ਜਾਨਵਰ ਸ਼ੇਰ ਖਾਨ ਕੋਲ ਮਰਨ ਲਈ ਜਾਂਦਾ ਸੀ।

ਜੰਗਲ ਵਿੱਚ ਸ਼ੇਰ ਖਾਨ ਦੇ ਇਸ ਅਤਿਆਚਾਰ ਕਾਰਨ ਜਾਨਵਰਾਂ ਦੀ ਗਿਣਤੀ ਬਿਲਕੁਲ ਥੋੜ੍ਹੀ ਰਹਿ ਗਈ ਸੀ। ਉਹਨਾਂ ਸਾਰੇ ਜਾਨਵਰਾਂ ਵਿੱਚੋਂ ਇੱਕ ਦਿਨ ਇੱਕ ਖਰਗੋਸ਼ ਦੀ ਵਾਰੀ ਆਈ। ਜੋ ਕਿ ਬਹੁਤ ਚਲਾਕ ਅਤੇ ਤੀਖਣ ਬੁੱਧੀ ਦਾ ਮਾਲਕ ਸੀ। ਉਹ ਸ਼ੇਰ ਖਾਨ ਦਾ ਭੋਜਨ ਬਣਨ ਲਈ ਜਾ ਰਿਹਾ ਸੀ। ਰਸਤੇ ਵਿੱਚ ਉਸ ਨੂੰ ਇੱਕ ਦਰੱਖਤ ਥੱਲੇ ਇੱਕ ਵੱਡਾ ਜਾਲ ਦਿਖਿਆ ਜੋ ਕਿ ਸ਼ਿਕਾਰੀਆਂ ਦੁਆਰਾ ਲਗਾਇਆ ਹੋਇਆ ਸੀ। ਉਸ ਖਰਗੋਸ਼ ਨੇ ਸੋਚਿਆ ਕਿ ਮੈਂ ਉਸ ਅਤਿਆਚਾਰੀ ਸ਼ੇਰ ਨੂੰ ਕਿਸੇ ਤਰ੍ਹਾਂ ਇਸ ਜਾਲ ਵਿੱਚ ਫਸਾ ਦੇਵਾਂਗਾ ਅਤੇ ਜੋ ਜਾਨਵਰ ਬਾਕੀ ਹਨ ਉਹਨਾਂ ਦੀ ਜਾਨ ਬਚਾਵਾਂਗਾ। ਇਹੀ ਸੋਚ ਕੇ ਉਹ ਕੁਝ



ਦੇਰ ਉਸੀ ਦਰਖ਼ਤ ਥੱਲੇ ਬੈਠਾ ਰਿਹਾ। ਕਾਫ਼ੀ ਸਮਾਂ ਬੀਤਣ ਬਾਅਦ ਖਰਗੋਸ਼ ਸ਼ੇਰ ਖਾਨ ਕੋਲ ਪਹੁੰਚਿਆ। ਸ਼ੇਰ ਖਾਨ ਬਹੁਤ ਦਹਾੜਿਆ ਅਤੇ ਗੁੱਸੇ ਨਾਲ ਲਾਲ ਸੀ। ਉਸਨੇ ਖਰਗੋਸ਼ ਨੂੰ ਦੇਰ ਨਾਲ ਪਹੁੰਚਣ ਦਾ ਕਾਰਨ ਪੁੱਛਿਆ- ਤਾਂ ਖਰਗੋਸ਼ ਨੇ ਦਿਮਾਗ ਲਗਾਇਆ ਅਤੇ ਕਿਹਾ ਕਿ ਮਹਾਰਾਜ, ਰਸਤੇ ਵਿੱਚ ਮੈਨੂੰ ਇੱਕ ਇਨਸਾਨ ਨੇ ਫੜ ਲਿਆ ਸੀ। ਉਹ ਮੈਨੂੰ ਆਪਣਾ ਭੋਜਨ ਬਣਾਉਣਾ ਚਾਹੁੰਦਾ ਸੀ। ਮੈਂ ਮਸਾਂ ਹੀ ਉਸ ਇਨਸਾਨ ਤੋਂ ਬਚ ਕੇ ਆਇਆ ਹਾਂ।

ਸ਼ੇਰ ਖਾਨ ਸੋਚਣ ਲੱਗਾ ਕਿ ਮੈਂ ਲੰਬੇ ਸਮੇਂ ਤੋਂ ਜਾਨਵਰਾਂ ਦਾ ਮਾਸ ਖਾਂਦਾ ਆ ਰਿਹਾ ਹਾਂ ਕਿਉਂ ਨਾ ਅੱਜ ਕਿਸੇ ਇਨਸਾਨ ਦਾ ਮਾਸ ਖਾਧਾ ਜਾਵੇਂ। ਸ਼ੇਰ ਖਾਨ ਨੇ ਖਰਗੋਸ਼ ਨੂੰ ਕਿਹਾ ਕਿ ਕਿੱਥੇ ਹੈ ਉਹ ਦੁਸ਼ਟ ਇਨਸਾਨ? ਖਰਗੋਸ਼ ਦੀ ਤਰਕੀਬ ਕੰਮ ਕਰ ਰਹੀ ਸੀ। ਉਸਨੇ ਸ਼ੇਰ ਖਾਲ ਨੂੰ ਕਿਹਾ ਕਿ ਮਹਾਰਾਜ ! ਮੇਰੇ ਨਾਲ ਚੱਲੋ। ਮੈਂ ਤੁਹਾਨੂੰ ਉਹ ਇਨਸਾਨ ਦਿਖਾਉਂਦਾ ਹਾਂ। ਸ਼ੇਰ-ਖਾਨ ਖਰਗੋਸ਼ ਨਾਲ ਚੱਲ ਪਿਆ। ਖਰਗੋਸ਼ ਨੇ ਕਿਹਾ ਕਿ ਉਸ ਦਰੱਖਤ ਦੇ ਪਿੱਛੇ ਉਹ ਇਨਸਾਨ ਸੁੱਤਾ ਪਿਆ ਹੈ। ਸ਼ੇਰ-ਖਾਨ ਗੁੱਸੇ ਵਿਚ ਸੀ। ਉਹ ਦੌੜ ਕੇ ਗਿਆ ਅਤੇ ਉਚੀ ਛਲਾਂਗ ਉਸ ਦਰੱਖਤ ਵੱਲ ਲਗਾਈ। ਜਿਵੇਂ ਹੀ ਸ਼ੇਰ-ਖਾਨ ਉਸ ਦਰੱਖਤ ਦੇ ਥੱਲੇ ਗਿਆ। ਉਹ ਇਨਸਾਨਾਂ ਦੇ ਜਾਲ ਵਿੱਚ ਫਸ ਗਿਆ। ਸ਼ੇਰ-ਖ਼ਾਨ ਬਹੁਤ ਦਹਾੜ ਰਿਹਾ ਸੀ। ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸਭ ਵਿਅਰਥ ਸੀ। ਸ਼ੇਰ-ਖਾਨ ਦੀ ਦਹਾੜ ਸੁਣੇ ਸ਼ਿਕਾਰੀ ਵੀ ਉਥੇ ਪਹੁੰਚ ਗਏ। ਉਹਨਾਂ ਨੇ ਸ਼ੇਰ ਨੂੰ ਇੱਕ ਵੱਡੇ ਪਿੰਜਰੇ ਵਿੱਚ ਬੰਦ ਕਰ ਦਿੱਤਾ। ਕੋਈ ਵੀ ਜੰਗਲ ਦਾ ਜਾਨਵਰ ਸ਼ੇਰ-ਖਾਨ ਦੀ ਸਹਾਇਤਾ ਲਈ ਅੱਗੇ ਨਾ ਵਧਿਆ। ਸਭ ਕਹਿ ਰਹੇ ਸੀ ਕਿ ਚੰਗਾ ਹੀ ਹੋਇਆ। ਬਾਅਦ ਵਿੱਚ ਜਦੋਂ ਜੰਗਲ ਦੇ ਜਾਨਵਰਾਂ ਨੂੰ ਪਤਾ ਲੱਗਿਆ ਕਿ ਇਹ ਸਭ ਖਰਗੋਸ਼ ਨੇ ਕੀਤਾ ਹੈ ਤਾਂ ਉਸਦੀ ਬਹੁਤ ਤਰੀਫ਼ ਕੀਤੀ ਗਈ। ਉਸ ਤੋਂ ਬਾਅਦ ਫਿਰ ਜਾਨਵਰ ਖੁਸ਼ੀ-ਖੁਸ਼ੀ ਰਹਿਣ ਲੱਗ ਪਏ।



❑ ਭੀਮ ਸੈਨ

# ਬੁਝਾਰਤਾਂ

1. ਆਪ ਖੜਿਆ ਧੁੱਪੇ,
ਦੂਜਿਆਂ ਨੂੰ ਦਿੰਦਾ ਛਾਂ।
ਬੱਚਿਓ ਇਹ ਬੁੱਝਿਓ ਤਾਂ

2. ਦੂਜਿਆਂ ਨੂੰ ਰੋਸ਼ਨੀ ਦਿੰਦੀ,
ਆਪ ਸੜੇ, ਪਾਣੀ ਨਹੀਂ ਪੀਂਦੀ।

3. ਚਾਰ ਲੱਤਾਂ ਦਿਨ ਰਾਤ ਖੜ੍ਹੇ,
ਦੁਨੀਆਂ ਪੜ੍ਹਾਵੇ ਆਪ ਨਾ ਪੜ੍ਹੇ।


4. ਆਪ ਭੋਰਾ ਵੀ ਅਸਰ ਨਹੀਂ ਕਰਦਾ,
ਪਾਉਂਦਾ ਦਿਨ ਰਾਤ ਰੌਲਾ।
ਜੇ ਲਾਇਟ ਜਾਂ ਬੈਟਰੀ ਨਾ ਹੋਵੇ,
ਬਣ ਜਾਂਦਾ ਗੂੰਗਾ ਭੋਲਾ।

5. ਰੋਜ਼ ਪੈਸਿਆਂ ਨਾਲ ਭਰਦਾ,
ਬਾਜਾਰ ਨਹੀਂ ਜਾਂਦਾ ਡਰਦਾ।
ਕੋਈ ਕਿੰਨਾ ਖਰਚ ਕਰੇ,
ਭੋਰਾ ਵੀ ਤਕਰਾਰ ਨਹੀਂ ਕਰਦਾ।

ਉੱਤਰ – 1. ਦਰੱਖਤ 2. ਮੋਮਬੱਤੀ
3. ਕੁਰਸੀ 4. ਸਪੀਕਰ 5. ਗੱਲਾ

ਡਾ: ਵਿਨੋਦ ਗੁਪਤਾ

# ਊਠ ਦੀਆਂ ਖੂਬੀਆਂ



ਊਠ ਨੂੰ ਰੇਗਿਸਤਾਨ ਦਾ ਜਹਾਜ਼ ਕਿਹਾ ਜਾਂਦਾ ਹੈ। ਬਾਕੀ ਪਸ਼ੂਆਂ ਦੀ ਤੁਲਨਾ ਵਿੱਚ ਇਸਦੀ ਬਨਾਵਟ ਥੋੜੀ ਵਿਚਿੱਤਰ ਹੁੰਦੀ ਹੈ। ਇਹੀ ਕਾਰਣ ਹੈ ਕਿ ਇਸਦੀ ਚਾਲ ਬੇਢੰਗੀ ਹੁੰਦੀ ਹੈ। ਇਸ ਵਿੱਚ ਅਨੇਕ ਖੂਬੀਆਂ ਹਨ, ਜੋ ਬਾਕੀ ਜਾਨਵਰਾਂ ਵਿੱਚ ਨਹੀਂ।

ਭਾਰਤ ਵਿੱਚ ਊਠਾਂ ਦੀਆਂ ਅਨੇਕ ਪ੍ਰਜਾਤੀਆਂ ਹਨ ਜਿਨ੍ਹਾਂ ਵਿੱਚ ਮੇਯਾ, ਜਾਖੇੜਾ, ਜਾਖੀ, ਕਹਰਲ, ਸਾਢਾ ਜਾਕੌਡੀ, ਓਡਾਰੂ, ਟੋਟਿਆ ਆਦਿ ਨਾਮ ਪ੍ਰਚਲਿਤ ਹਨ। ਨਸਲਾਂ ਵਿੱਚ ਬੀਕਾਨੇਰੀ, ਜੈਸਲਮੇਰੀ ਅਤੇ ਮੇਵਾੜੀ ਪ੍ਰਮੁੱਖ ਹਨ। ਊਠ ਦੀ ਨਸਲ ਦਾ ਪਤਾ ਕੁਬੜਾਂ ਦੀ ਗਿਣਤੀ ਤੋਂ ਲੱਗਦਾ ਹੈ। ਇਕ ਕੁਬੜ ਵਾਲੇ ਊਠ ਅਰੇਬੀਅਨ ਅਤੇ ਦੋ ਕੁਬੜ ਵਾਲੇ ਬੈਕਿਟ੍ਰਯਨ ਹੁੰਦੇ ਹਨ। ਊਠ ਦੀ ਨੱਕ, ਕੰਨ ਅਤੇ ਅੱਖ ਦੀ ਬਨਾਵਟ ਅਜਿਹੀ ਹੁੰਦੀ ਹੈ ਜਿਸ ਤੇ ਰੇਗਿਸਤਾਨੀ ਧੂੜ ਦਾ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ।

ਊਠ ਦੀ ਪਿੱਠ ਤੇ ਕੂਬੜ ਹੁੰਦਾ ਹੈ ਜੋ ਅਸਲ ਵਿੱਚ ਚਰਬੀ ਦਾ ਭੰਡਾਰ ਹੁੰਦਾ ਹੈ। ਇਸ ਵਿੱਚ ਜੰਮੀ ਚਰਬੀ ਨੂੰ ਉਹ ਊਰਜਾ ਦੇ ਰੂਪ ਵਿੱਚ ਭੋਜਨ ਦੀ ਕਮੀ ਦੌਰਾਨ ਇਸਤੇਮਾਲ ਕਰਦਾ ਹੈ। ਕੁਬੜ ਵਿੱਚ ਜਮਾ ਚਰਬੀ ਅਤੇ ਥੈਲੀ ਵਿੱਚ ਜਮਾ ਪਾਣੀ ਦੇ ਭਰੋਸੇ ਹੀ ਉਹ ਰੇਗਿਸਤਾਨ ਵਿੱਚ ਬਿਨਾ ਭੋਜਨ-ਪਾਣੀ ਦੇ ਕਈ ਦਿਨ ਤਕ ਰਹਿ ਲੈਂਦਾ ਹੈ। ਯਾਤਰਾ ਕਰਕੇ ਵਾਪਸ ਆਉਣ ਤੇ ਊਠ ਦਾ ਕੁਬੜ ਢਿੱਲਾ ਹੋ ਚੁੱਕਾ ਹੁੰਦਾ ਹੈ ਕਿਉਂਕਿ ਉਸ ਵਿੱਚ ਜਮਾ ਚਰਬੀ ਸਮਾਪਤ ਹੋ ਚੁੱਕੀ ਹੁੰਦੀ ਹੈ। ਇਹ ਕਈ ਦਿਨ ਲਈ ਰਾਸ਼ਨ ਪਾਣੀ ਇਕ ਹੀ ਵਾਰ ਵਿੱਚ ਆਪਣੇ ਸਰੀਰ ਵਿੱਚ ਜਮਾ ਕਰ ਲੈਂਦਾ ਹੈ।

ਲੰਮੀ ਯਾਤਰਾ ਤੇ ਜਾਣ ਤੋਂ ਪਹਿਲਾਂ ਊਠ ਢੇਰ ਸਾਰਾ ਪਾਣੀ ਪੀ ਲੈਂਦਾ ਹੈ। ਇਹ ਸਾਰਾ ਪਾਣੀ ਉਸ ਦੇ ਪੇਟ ਦੀਆਂ ਥੈਲੀਆਂ ਵਿੱਚ ਭਰ ਜਾਂਦਾ ਹੈ ਜੋ ਗਿਣਤੀ ਵਿੱਚ ਬਹੁਤ ਹੁੰਦੀਆਂ ਹਨ ਅਤੇ ਫਿਰ ਹੌਲੀ-ਹੌਲੀ ਇਕ-ਇਕ ਥੈਲੀ ਖਰਚ ਹੁੰਦੀ ਰਹਿੰਦੀ ਹੈ। ਅੱਜ ਵੀ ਰੇਗਿਸਤਾਨ ਅਤੇ ਰੇਤੀਲੇ ਖੇਤਰਾਂ ਵਿੱਚ ਸਵਾਰੀ ਅਤੇ ਬੋਝ ਢੋਹਣ ਵਿੱਚ ਊਠ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹਨ।

ਊਠਾਂ ਦੇ ਵਾਲਾ ਦੀ ਕਟਾਈ ਹੋਲੀ ਦੇ ਸਮੇਂ ਗਰਮੀਆਂ ਤੋਂ ਪਹਿਲਾਂ ਹੁੰਦੀ ਹੈ। ਇਕ ਊਠ ਦੇ ਵਾਲਾਂ ਦੀ ਕਟਾਈ ਨਾਲ ਕਰੀਬ 700 ਗ੍ਰਾਮ ਉਨੰ ਮਿਲਦੀ ਹੈ। ਵਾਲਾਂ ਦੀ ਕਟਾਈ ਦੇ ਦੌਰਾਨ ਆਕਰਸ਼ਿਤ ਰੂਪ ਬਣਾ ਕੇ ਊਠਾਂ ਨੂੰ ਸਜਾਉਣ ਦੀ ਹੋੜ ਲੱਗੀ ਰਹਿੰਦੀ ਹੈ।

ਬੀਕਾਨੇਰ ਦਾ ਊਠ-ਨ੍ਰਿਤ ਵਿਸ਼ਵ ਵਿੱਚ ਪ੍ਰਸਿੱਧ ਹੈ। ਹਰ ਸਾਲ ਬੀਕਾਨੇਰ ਵਿੱਚ ਊਠਾਂ ਦਾ ਨ੍ਰਿਤ ਅਤੇ ਵਿਭਿੰਨ ਪ੍ਰਤੀਯੋਗਤਾਵਾਂ ਹੁੰਦੀਆਂ ਹਨ। ਬੀਕਾਨੇਰ ਦੇ ਇਲਾਵਾ - ੈਸਲਮੇਰ ਵਿੱਚ ਊਠ ਦੌੜ ਵੀ ਹੁੰਦੀ ਹੈ।

ਬੀਐਸਐਫ ਅਤੇ ਸੈਨਾ ਵਿੱਚ ਊਠਾਂ ਦੀ ਮਹੱਤਵਪੂਰਣ ਭੂਮਿਕਾ ਹੈ। ਗਣਤੰਤਰ ਦਿਵਸ ਦੀ ਪਰੇਡ ਵਿੱਚ ਇਹਨਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਬੀਕਾਨੇਰ ਰਿਆਸਤ ਵਿੱਚ ਢਾਈ ਹਜ਼ਾਰ ਊਠਾਂ ਦੀ ਸੈਨਾ ਸੀ। ਇਹਨੂੰ ਗੰਗਾ ਰਿਸਾਲਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਊਠਣੀ ਦਾ ਦੁੱਧ ਪੋਸ਼ਕ ਅਤੇ ਸਿਹਤਮੰਦ ਹੁੰਦਾ ਹੈ। ਇਹਨੂੰ ਸ਼ੂਗਰ ਅਤੇ ਟੀ.ਬੀ. ਦੇ ਮਰੀਜ਼ਾਂ ਲਈ ਲਾਭਦਾਇਕ ਮੰਨਿਆ ਜਾਂਦਾ ਹੈ। ਇਸਦੇ ਦੁੱਧ ਨਾਲ ਤਰ੍ਹਾਂ-ਤਰ੍ਹਾਂ ਦੀਆਂ ਮਿਠਾਈਆਂ ਅਤੇ ਵਿਅੰਜਨ ਵੀ ਬਣਾਏ ਜਾਂਦੇ ਹਨ। ਇਸਦੇ ਇਲਾਵਾ ਆਈਸਕ੍ਰੀਮ ਅਤੇ ਚਾਕਲੇਟ ਵੀ ਬਣਾਈ ਜਾਂਦੀ ਹੈ।

ਊਠ ਦੀ ਮੌਤ ਦੇ ਬਾਅਦ ਉਸਦਾ ਚਮੜਾ ਵੀ ਕੰਮ ਆਉਂਦਾ ਹੈ। ਇਸਦੇ ਚਮੜੇ ਨਾਲ ਜੁੱਤੇ,ਜੈਕੇਟ, ਪਰਸ, ਬੈਲਟ ਆਦਿ ਬਣਦੇ ਹਨ। ਇਹੀ ਨਹੀਂ, ਇਸ ਦੀਆਂ ਹੱਡੀਆਂ ਨਾਲ ਵੀ ਅਨੇਕਾਂ ਕਲਾਤਮਕ ਵਸਤੂਆਂ ਬਣਾਈਆਂ ਜਾਂਦੀਆਂ ਹਨ। ਊਠ ਇਕ ਸ਼ਾਕਾਹਾਰੀ ਜੀਵ ਹੈ ਜਿਸ ਦਾ ਮੁਖ ਭੋਜਨ ਰੁੱਖ ਦੀਆਂ ਪੱਤੀਆਂ ਹਨ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :- ਬਰਫ਼ ਪਾਣੀ ਤੇ ਕਿਉਂ ਤਰਦੀ ਹੈ?**

ਉੱਤਰ :- ਜਦੋਂ ਕਿਸੇ ਵਸਤੂ ਨੂੰ ਪਾਣੀ ਵਿੱਚ ਪਾਇਆ ਜਾਂਦਾ ਹੈ ਤਾਂ ਉਹ ਵਸਤੂ ਪਾਣੀ ਨੂੰ ਹਟਾਂਦੀ ਹੈ। ਇਸ ਵਸਤੂ ਤੇ ਦੋ ਪ੍ਰਕਾਰ ਦੀਆਂ ਤਾਕਤਾਂ ਕੰਮ ਕਰਦੀਆਂ ਹਨ- ਵਸਤੂ ਦਾ ਭਾਰ ਹੇਠਾਂ ਵੱਲ ਦਬਾਅ ਪਾਉਂਦਾ ਹੈ ਅਤੇ ਪਾਣੀ ਦੁਆਰਾ ਲਗਾਇਆ ਗਿਆ ਦਬਾਅ ਉਪਰ ਵੱਲ। ਜਦ ਵਸਤੂ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਵਸਤੂ ਦੇ ਭਾਰ ਦੇ ਬਰਾਬਰ ਜਾਂ ਵੱਧ ਹੋਵੇ, ਤਾਂ ਵਸਤੂ ਪਾਣੀ ਵਿੱਚ ਤਰਦੀ ਹੈ। ਦੂਸਰੇ ਪਾਸੇ ਜਦ ਵਸਤੂ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਵਸਤੂ ਦੇ ਭਾਰ ਤੋਂ ਘੱਟ ਹੋਵੇ ਤਾਂ ਉਹ ਪਾਣੀ ਵਿੱਚ ਡੁੱਬ ਜਾਂਦੀ ਹੈ। ਬਰਫ ਨੂੰ ਜਦੋਂ ਪਾਣੀ ਵਿੱਚ ਪਾਇਆ ਜਾਂਦਾ ਹੈ ਤਾਂ ਉਹ ਆਪਣੇ ਭਾਰ ਤੋਂ ਵੱਧ ਭਾਰ ਦਾ ਪਾਣੀ ਹਟਾਉਂਦੀ ਹੈ। ਇਸ ਲਈ ਬਰਫ ਪਾਣੀ ਵਿੱਚ ਤਰਦੀ ਹੈ।

**ਪ੍ਰਸ਼ਨ:- ਪਾਣੀ ਦਾ ਕੋਈ ਰੰਗ ਨਹੀਂ, ਫਿਰ ਵੀ ਬੱਦਲ ਕਾਲੇ ਕਿਉਂ ਦਿਖਾਈ ਦਿੰਦੇ ਹਨ?**

ਉੱਤਰ :- ਸੂਰਜ ਦੀਆਂ ਕਿਰਨਾਂ ਸਫੇਦ ਹੁੰਦੀਆਂ ਹਨ ਜਿਨ੍ਹਾਂ ਵਿੱਚ ਸਭ ਅਲੱਗ-ਅਲੱਗ ਰੰਗਾਂ ਦਾ ਵਰਣਕ੍ਰਮ ਹੁੰਦਾ ਹੈ। ਸੂਰਜ ਦੀ ਰੋਸ਼ਨੀ ਜਿੰਨ੍ਹਾਂ ਚੀਜ਼ਾਂ ਤੇ ਪੈਂਦੀ ਹੈ, ਉਹਦੇ ਦੁਆਰਾ ਪ੍ਰਵਰਤਿਤ ਕੀਤੇ ਗਏ ਰੰਗਾਂ ਨੂੰ ਤੁਹਾਡੀਆਂ ਅੱਖਾਂ ਦੇਖ ਸਕਦੀਆਂ ਹਨ। ਦਰਅਸਲ, ਬੱਦਲਾਂ ਦੀਆਂ ਬੂੰਦਾਂ ਅਤੇ ਸੂਰਜ ਦੀਆਂ ਕਿਰਨਾਂ ਦਾ ਰੰਗ ਸਫੇਦ ਹੁੰਦਾ ਹੈ, ਮਗਰ ਜਦੋਂ ਬੱਦਲਾਂ ਦੇ ਸਮੂਹ ਦੁਆਰਾ ਸੂਰਜ ਦੀ ਰੋਸ਼ਨੀ ਨੂੰ ਗ੍ਰਹਿਣ ਕਰ ਲਿਆ ਜਾਂਦਾ ਹੈ ਤਾਂ ਤੁਹਾਨੂੰ ਸਫੇਦ ਰੰਗ ਦੀ ਜਗ੍ਹਾ ਗਹਿਰੇ ਕਾਲੇ ਧੱਬੇ ਦਾ ਅਨੁਭਵ ਹੁੰਦਾ ਹੈ। ਇਸ ਲਈ ਬੱਦਲ ਕਾਲੇ ਦਿਖਾਈ ਦਿੰਦੇ ਹਨ।

**ਪ੍ਰਸ਼ਨ :- ਹਵਾ ਕਿਉਂ ਵਹਿੰਦੀ ਹੈ?**

ਉੱਤਰ :- ਹਵਾ ਅਣੂਆਂ ਦੀ ਗਤੀ ਨਾਲ ਉਤਪੰਨ ਹੁੰਦੀ ਹੈ। ਇਹ ਅਣੂ ਕਾਫੀ ਤੇਜ਼ੀ ਨਾਲ ਗਤੀ ਕਰਦੇ ਹਨ ਧਰਾਤਲ ਤੇ ਉਪਸਥਿਤ ਹਰ ਚੀਜ਼ ਨਾਲ ਟਕਰਾਂਦੇ ਹਨ। ਜਿੰਨੇ ਅਧਿਕ ਅਣੂ, ਹੁੰਦੇ ਹਨ ਉਨ੍ਹਾਂ ਹੀ ਜ਼ਿਆਦਾ ਹਵਾ ਦਾ ਦਬਾਅ ਹੁੰਦਾ ਹੈ। ਜਿਥੋਂ ਤੱਕ ਹਵਾ ਦੇ ਚੱਲਣ ਦਾ ਪ੍ਰਸ਼ਨ ਹੈ, ਤਾਂ ਉਹ ਗ੍ਰੇਡੀਐਂਟ ਦਾਬ ਤੇ ਨਿਰਭਰ ਕਰਦਾ ਹੈ। ਹਵਾ ਦੇ ਦਾਬ ਵਿੱਚ ਮੌਜੂਦ ਅੰਤਰ ਹਵਾ ਦੇ ਅਣੂਆਂ ਨੂੰ ਉਚ ਦਾਬ ਤੋਂ ਨਿਮਨ ਦਾਬ ਵੱਲ ਲੈ ਜਾਣ ਵਿੱਚ ਰੁਕਾਵਟ ਪਾਉਂਦਾ ਹੈ। ਹਵਾ ਦੇ ਦਾਬ ਦਾ ਇਹ ਅੰਤਰ ਹੀ ਸਾਨੂੰ ਚਲਣ ਵਾਲੀ ਹਵਾ ਦਾ ਅਨੁਭਵ ਕਰਵਾਉਂਦਾ ਹੈ। ❑



□ ਏ.ਪੀ. ਨਿਰੰਕਾਰੀ

# ਭਾਲੂ, ਚੀਤਾ ਅਤੇ ਖਰਗੋਸ਼ ਦੀ ਦੋਸਤੀ


ਕਾਫ਼ੀ ਪੁਰਾਣੀ ਗੱਲ ਹੈ। ਇੱਕ ਪਿਆਰਾ ਜਿਹਾ ਜੰਗਲ ਸੀ ਜਿਸਦਾ ਨਾਮ ਸੀ ਲਵਲੀਵਨ। ਸੇਵਰੇ-ਸਵੇਰੇ ਜਦੋਂ ਪੰਛੀ ਮਧੁਰ ਬਾਣੀ ਵਿੱਚ ਚਹਿਚਹਾਉਂਦੇ ਤਾਂ ਜੰਗਲ ਵਿੱਚ ਇੰਝ ਲੱਗਦਾ ਸੀ ਜਿਵੇਂ ਕੋਈ ਸੰਗੀਤ ਸੰਮੇਲਨ ਹੋ ਰਿਹਾ ਹੋਵੇ। ਚਾਰੇ ਪਾਸੇ ਹਰਿਆਲੀ ਹੀ ਹਰਿਆਲੀ ਸੀ। ਹਲਕੀ-ਹਲਕੀ ਧੁੱਪ ਵਿੱਚ ਜਦੋਂ ਫੁੱਲ ਖਿੜਦੇ ਤਾਂ ਚਾਰੇ ਪਾਸੇ ਮਹਿਕ ਹੀ ਮਹਿਕ ਫੈਲ ਜਾਂਦੀ ਸੀ। ਸਵੇਰੇ-ਸਵੇਰੇ ਪਾਣੀ ਦੀਆਂ ਨਿੱਕੀਆਂ-ਨਿੱਕੀਆਂ ਬੂੰਦਾਂ ਹਰੀ ਘਾਹ ਤੇ ਚਾਂਦੀ ਵਾਂਗ ਚਮਕਦੀਆਂ ਨਜ਼ਰ ਆਉਂਦੀਆਂ ਸਨ। ਇਸ ਜੰਗਲ ਵਿੱਚ ਪੰਛੀ, ਜਾਨਵਰ ਅਤੇ ਹੋਰ ਕਈ ਤਰ੍ਹਾਂ ਦੇ ਛੋਟੇ-ਛੋਟੇ ਜਾਨਵਰ ਖੁਸ਼ੀ-ਖੁਸ਼ੀ ਰਹਿੰਦੇ ਸਨ। ਸੋ ਇਸ ਲਈ ਲਵਲੀਵਨ ਬਹੁਤ ਪਿਆਰਾ ਜੰਗਲ ਸੀ।

ਇਸ ਜੰਗਲ ਵਿੱਚ ਇੱਕ ਵੱਡੇ ਬੋਹੜ ਦੇ ਦਰੱਖਤ ਥੱਲੇ ਇੱਕ ਭਾਲੂ ਰਹਿੰਦਾ ਸੀ। ਭਾਲੂ ਨੂੰ ਜੰਗਲ ਦੀ ਬਹੁਤ ਸਾਰੀ ਜਾਣਕਾਰੀ ਸੀ। ਉਸ ਨੂੰ ਜੰਗਲ ਦੇ ਹਰ ਤਰ੍ਹਾਂ ਦੇ ਫਲਾਂ ਦੇ ਦਰੱਖਤ, ਹਰ ਤਰ੍ਹਾਂ ਦੀਆਂ ਜੜੀਆਂ-ਬੂਟੀਆਂ ਅਤੇ ਹਰ ਤਰ੍ਹਾਂ ਦੇ ਫੁੱਲ ਆਦਿ ਦੀ ਪੂਰੀ ਜਾਣਕਾਰੀ ਸੀ। ਉਸ ਨੂੰ ਇਹ ਸਭ ਜਾਣਕਾਰੀ ਉਸਦੇ ਦਾਦੇ-ਪੜਦਾਦੇ ਤੋਂ ਪ੍ਰਾਪਤ ਹੋਈ ਸੀ। ਭਾਲੂ ਸਭ ਦੀ ਸਹਾਇਤਾ ਕਰਦਾ ਸੀ ਪਰ ਭਾਲੂ ਦੀ ਇੱਕ ਕਮਜ਼ੋਰੀ ਸੀ। ਉਸ ਨੂੰ ਮਧੂ-ਮੱਖੀਆਂ ਦਾ ਸ਼ਹਿਦ ਬਹੁਤ ਪਸੰਦ ਸੀ। ਉਹ ਮਧੂ-ਮੱਖੀਆਂ ਦੇ ਛੱਤੇ ਲੱਭਦਾ ਰਹਿੰਦਾ ਅਤੇ ਜਦੋਂ ਸ਼ਹਿਦ ਮਿਲਦਾ ਉਸਨੂੰ ਖੂਬ ਮਜੇ ਨਾਲ ਖਾਂਦਾ ਸੀ। ਭਾਲੂ ਬਹੁਤ ਹੀ ਸਮਝਦਾਰ ਸੀ। ਇਸ ਜੰਗਲ ਵਿੱਚ ਇਕ ਚੀਤਾ ਵੀ ਰਹਿੰਦਾ ਸੀ। ਇਕ ਦਿਨ ਚੀਤਾ ਭੋਜਨ ਦੀ ਭਾਲ ਵਿੱਚ ਕਿਤੇ ਦੂਰ ਨਿਕਲ ਗਿਆ ਸੀ। ਜਦੋਂ ਉਹ ਵਾਪਿਸ ਪਰਤ ਰਿਹਾ ਸੀ ਤਾਂ ਉਸਨੂੰ ਸ਼ਾਮ ਹੋ ਗਈ। ਚੀਤਾ ਦਰੱਖਤਾਂ ਦੇ ਉਪਰ ਚੜ ਕੇ ਸੌਂਦਾ ਸੀ। ਚੀਤਾ ਬਹੁਤ ਥੱਕ ਗਿਆ ਸੀ। ਉਹ ਬਸ ਆਰਾਮ ਕਰਨਾ ਚਾਹੁੰਦਾ ਸੀ। ਇਸ ਲਈ ਚੀਤਾ ਜਲਦੀ ਨਾਲ ਰਸਤੇ ਵਿੱਚ ਹੀ ਇਕ ਦਰੱਖਤ ਤੇ ਚੜ ਗਿਆ ਅਤੇ ਆਰਾਮ ਕਰਨ ਲਈ ਇੱਕ ਮੋਟੇ ਟਹਿਣੇ ਤੇ ਬੈਠ ਗਿਆ। ਜਿਸ ਟਹਿਣੇ ਤੇ ਚੀਤਾ ਸੁੱਤਾ ਸੀ ਉਸ ਤੇ ਹੀ ਮਧੂ-ਮੱਖੀਆਂ ਦਾ ਵੱਡਾ ਛੱਤਾ ਸੀ। ਹਨ੍ਹੇਰਾ ਹੋਣ

ਕਾਰਨ ਉਹ ਮਧੂ-ਮੱਖੀਆਂ ਦਾ ਛੱਤਾਂ ਦੇਖ ਨਹੀਂ ਸਕਿਆ ਸੀ। ਚੀਤਾ ਟਹਿਣੇ ਤੇ ਬੈਠਦੇ ਸਾਰ ਹੀ ਸੌਂ ਗਿਆ ਸੀ। ਉਸਦੇ ਬਿਲਕੁਲ ਥੱਲੇ ਮਧੂ-ਮੱਖੀਆਂ ਦਾ ਛੱਤਾ ਸੀ। ਚੀਤਾ ਗੂੜੀ ਨੀਂਦ ਵਿੱਚ ਸੁੱਤਾ ਹੋਇਆ ਸੀ। ਅਚਾਨਕ ਹੀ ਚੀਤੇ ਦੀ ਪੂਛ ਮੱਧੂ-ਮੱਖੀਆਂ ਦੇ ਛੱਤੇ ਤੇ ਜਾ ਵੱਜੀ। ਕਾਰਨ ਮੱਧੂ-ਮੱਖੀਆਂ ਨੂੰ ਗੁੱਸਾ ਆ ਗਿਆ ਅਤੇ ਉਹਨਾਂ ਨੇ ਗੁੱਸੇ ਵਿੱਚ ਚੀਤੇ ਦੀ ਪੂਛ ਤੇ ਡੰਕ ਮਾਰਨਾ ਸ਼ੁਰੂ ਕਰ ਦਿੱਤਾ।

ਚੀਤੇ ਦੀ ਦਰਦ ਕਾਰਨ ਅੱਖ ਖੁੱਲ ਗਈ। ਚੀਤਾ ਮਧੂ-ਮੱਖੀਆਂ ਦੇਖ ਕੇ ਘਬਰਾ ਗਿਆ ਅਤੇ ਜਲਦੀ ਨਾਲ ਦਰੱਖਤ ਤੋਂ ਹੇਠਾਂ ਉਤਰਿਆ। ਮਧੂ-ਮੱਖੀਆਂ ਲਗਾਤਾਰ ਉਸਨੂੰ ਡੰਕ ਮਾਰ ਰਹੀਆਂ ਸਨ। ਚੀਤਾ ਵਿਚਾਰਾ ਇੱਧਰ-ਉਧਰ ਭੱਜ ਰਿਹਾ ਸੀ। ਮਧੂ-ਮੱਖੀਆਂ ਉਸਦਾ ਪਿੱਛਾ ਨਹੀਂ ਸਨ ਛੱਡ ਰਹੀਆਂ। ਥੋੜੀ ਹੀ ਦੂਰ ਭਾਲੂ ਵੱਡੇ ਬੋਹੜ ਦੇ ਦਰੱਖਤ ਥੱਲੇ ਆਰਾਮ ਕਰ ਰਿਹਾ ਸੀ। ਸ਼ੋਰ-ਸ਼ਰਾਬੇ ਕਾਰਨ ਭਾਲੂ ਦੀ ਵੀ ਅੱਖ ਖੁੱਲ੍ਹ ਗਈ। ਭਾਲੂ ਨੇ ਚੀਤੇ ਨੂੰ ਭੱਜਦੇ ਵੇਖਿਆ, ਉਸਦੇ ਪਿੱਛੇ ਮਧੂ-ਮੱਖੀਆਂ ਲੱਗੀਆਂ ਹੋਈਆਂ ਸਨ। ਭਾਲੂ ਨੇ ਉਸ ਨੂੰ ਰੋਕਿਆ ਅਤੇ ਕਿਹਾ ਕਿ ਤੂੰ ਜਲਦੀ ਨਾਲ ਨਦੀ ਵਿੱਚ ਛਾਲ ਮਾਰ, ਮੈਂ ਮੱਧੂਮੱਖੀਆਂ ਦਾ ਧਿਆਨ ਹਟਾਉਂਦਾ ਹਾਂ। ਨਦੀ, ਬੋਹੜ ਦੇ ਦਰੱਖਤ ਤੋਂ ਥੋੜੀ ਹੀ ਦੂਰੀ ਤੇ ਸੀ। ਭਾਲੂ ਨੇ ਉਸ ਨੂੰ ਆਪਣੇ ਪਿੱਛੇ ਲੈ ਕੇ ਮਧੂ-ਮੱਖੀਆਂ ਦਾ ਧਿਆਨ ਆਪਣੇ ਵੱਲ ਕੀਤਾ। ਮਧੂ-ਮੱਖੀਆਂ ਨੇ ਉਸ ਦਾ ਪਿੱਛਾ ਕਰਨਾ ਛੱਡ ਦਿੱਤਾ ਅਤੇ ਭਾਲੂ ਨੂੰ ਡੰਕ ਮਾਰਨ ਲੱਗੀਆਂ। ਭਾਲੂ ਦੀ ਚਮੜੀ ਬਹੁਤ ਮੋਟੀ ਸੀ, ਉਸਨੂੰ ਇੱਕ ਵੀ ਮਧੂ-ਮੱਖੀ ਡੰਕ ਨਾ ਮਾਰ ਸਕੀ। ਇਸ ਕਾਰਨ ਮਧੂ-ਮੱਖੀਆਂ ਨੂੰ ਵਾਪਿਸ ਆਪਣੇ ਛੱਤੇ ਵੱਲ ਜਾਣਾ ਪਿਆ। ਭਾਲੂ ਖੁਸ਼ ਸੀ ਕਿਉਂਕਿ ਉਸਨੂੰ ਇੱਕ ਛੱਤਾ ਮਿਲ ਗਿਆ ਸੀ।

ਉਧਰ ਵਿਚਾਰਾ ਚੀਤਾ ਪਾਣੀ ਵਿੱਚ ਭਿੱਜਿਆ ਹੋਇਆ ਸੀ ਤੇ ਦਰਦ ਨਾਲ ਵੀ ਉਸਦਾ ਬੁਰਾ ਹਾਲ ਸੀ ਕਿਉਂਕਿ ਮਧੂ-ਮੱਖੀਆਂ ਨੇ ਉਸਨੂੰ ਕਈ ਥਾਂ ਡੰਕ ਮਾਰਿਆ ਸੀ। ਭਾਲੂ ਬਹੁਤ ਸਮਝਦਾਰ ਸੀ। ਉਸਨੇ ਜਲਦੀ ਨਾਲ ਜੰਗਲ ਵਿਚੋਂ ਇੱਕ ਜੜ੍ਹੀ-ਬੂਟੀ ਤੋੜੀ ਅਤੇ ਚੀਤੇ ਦੇ ਜਖਮਾਂ ਤੇ ਲਗਾਈ ਜਿੱਥੇ ਮਧੂ-ਮੱਖੀਆਂ ਨੇ ਉਸਦੇ ਡੰਕ ਮਾਰਿਆ ਸੀ। ਚੀਤੇ ਨੂੰ ਉਹ ਜੜੀ-ਬੂਟੀਆਂ ਲਗਾਉਣ ਨਾਲ ਬਹੁਤ ਰਾਹਤ ਮਿਲੀ। ਉਸ ਨੇ ਭਾਲੂ ਦਾ ਬਹੁਤ ਧੰਨਵਾਦ ਕੀਤਾ। ਚੀਤੇ ਨੇ ਭਾਲੂ ਨੂੰ ਕਿਹਾ ਕਿ ਮੈਂ ਥੋੜੀ ਹੀ ਦੂਰ ਇੱਕ ਦਰੱਖਤ ਤੇ ਇਕੱਲਾ ਸੌਂਦਾ ਸੀ। ਮੈਂ ਭੋਜਨ ਦੀ ਭਾਲ ਵਿੱਚ ਦੂਰ ਨਿਕਲ ਗਿਆ ਸੀ ਜਿਸ ਕਾਰਨ ਮੈਨੂੰ ਵਾਪਸ ਪਰਤਦੇ ਸਮੇਂ ਸ਼ਾਮ ਪੈ ਗਈ ਸੀ। ਇਸ ਲਈ ਮੈਂ ਹਨ੍ਹੇਰੇ ਕਾਰਨ ਮਧੂ-ਮੱਖੀਆਂ ਦਾ ਛੱਤਾ ਦੇਖ ਨਹੀਂ ਸਕਿਆ ਤੇ ਥਕਾਵਟ ਕਾਰਨ, ਇਸ ਮਧੂ-ਮੱਖੀਆਂ ਵਾਲੇ ਦਰੱਖਤ ਤੇ ਹੀ ਸੌਂ ਗਿਆ ਸੀ। ਭਾਲੂ ਨੇ ਵੀ ਕਿਹਾ ਕਿ ਕੋਈ ਗੱਲ ਨਹੀਂ, ਮੈਂ ਵੀ ਇਸ ਬੋਹੜ ਦੇ ਦਰੱਖਤ ਥੱਲੇ ਇਕੱਲਾ ਹੀ ਰਹਿੰਦਾ ਹਾਂ। ਜੇਕਰ ਤੈਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਤੂੰ ਮੇਰੇ ਨਾਲ ਇਸ ਬੋਹੜ ਦੇ ਦਰੱਖਤ ਉਪਰ ਰਹਿ ਸਕਦਾ ਹੈਂ। ਜੇਕਰ ਅਸੀਂ ਇੱਕਠੇ ਰਹਾਂਗੇ ਤਾਂ ਅਸੀਂ ਜੰਗਲ ਦੇ ਖਤਰਿਆਂ ਦਾ ਡਟ ਕੇ ਮੁਕਾਬਲਾ ਕਰ ਸਕਦੇ ਹਾਂ। ਚੀਤੇ ਨੇ ਭਾਲੂ ਨਾਲ ਦੋਸਤੀ ਕਰ ਲਈ ਅਤੇ ਦੋਵੇਂ ਹੀ ਇੱਕਠੇ ਰਹਿਣ





ਲੱਗੇ। ਭਾਲੂ ਬੋਹੜ ਦੇ ਥੱਲੇ ਸੌਂਦਾ ਸੀ ਅਤੇ ਚੀਤਾ ਬੋਹੜ ਦੇ ਉੱਪਰ ਸੌਂਦਾ ਸੀ। ਚੀਤੇ ਅਤੇ ਭਾਲੂ ਦੀ ਪੱਕੀ ਦੋਸਤੀ ਹੋ ਗਈ ਸੀ।

ਇੱਕ ਦਿਨ ਭਾਲੂ ਅਤੇ ਚੀਤਾ ਜੰਗਲ ਦੀ ਸੈਰ ਲਈ ਸਵੇਰੇ ਨਿਕਲ ਗਏ। ਭਾਲੂ, ਚੀਤੇ ਨੂੰ ਜੰਗਲ ਦੀਆਂ ਜੜੀਆਂ-ਬੂਟੀਆਂ ਅਤੇ ਫਲਾਂ ਬਾਰੇ ਜਾਣਕਾਰੀ ਦੇ ਰਿਹਾ ਸੀ ਕਿ ਕਿਹੜੀ ਚੀਜ਼ ਖਾਣਯੋਗ ਹੈ। ਅਚਾਨਕ ਉਹਨਾਂ ਦੀ ਨਜ਼ਰ ਜੰਗਲ ਦੇ ਰਾਜੇ ਸ਼ੇਰ ਸਿੰਘ ਤੇ ਪਈ। ਸ਼ੇਰ ਸਿੰਘ ਨੇ ਉਹਨਾਂ ਦੇ ਸਾਹਮਣੇ ਹੀ ਇੱਕ ਖਰਗੋਸ਼ ਤੇ ਹਮਲਾ ਕਰ ਦਿੱਤਾ। ਉਸਨੇ ਖਰਗੋਸ਼ ਦੀ ਪਿਛਲੀ ਲੱਤ ਮੂੰਹ ਵਿੱਚ ਜਕੜ ਲਈ। ਖਰਗੋਸ਼ ਛੁਡਾਉਣ ਦੀ ਬਹੁਤ ਕੋਸ਼ਿਸ਼ ਕਰ ਰਿਹਾ ਸੀ ਪਰ ਅਸਫਲ ਸੀ। ਚੀਤੇ ਅਤੇ ਭਾਲੂ ਨੂੰ ਉਸ ਉਤੇ ਦਇਆ ਆ ਗਈ। ਉਹ ਜਲਦੀ ਨਾਲ ਭੱਜ ਕੇ ਸ਼ੇਰ ਸਿੰਘ ਕੋਲ ਗਏ ਅਤੇ ਉਸਨੂੰ ਲਲਕਾਰਿਆ ਕਿ ਇਸ ਨੂੰ ਛੱਡ ਦੇ, ਨਹੀਂ ਤਾਂ ਚੰਗਾ ਨਹੀਂ ਹੋਵੇਗਾ।ਸ਼ੇਰ ਸਿੰਘ ਬੋਲਿਆ- ਇਹ ਮੇਰਾ ਭੋਜਨ ਹੈ, ਮੈਂ ਇਸ ਨੂੰ ਨਹੀ ਛੱਡਾਂਗਾ। ਇਕ ਦੋ ਵਾਰ ਕਹਿਣ ਤੇ ਜਦੋਂ ਸ਼ੇਰ ਸਿੰਘ ਨਹੀਂ ਮੰਨਿਆ ਤਾਂ ਭਾਲੂ ਅਤੇ ਚੀਤੇ ਨੇ ਸ਼ੇਰ ਸਿੰਘ ਦਾ ਮੁਕਾਬਲਾ ਕੀਤਾ। ਸ਼ੇਰ ਸਿੰਘ ਬਹੁਤ ਤਾਕਤਵਰ ਸੀ ਪਰ ਉਸਦੀ ਦੋ ਜਣਿਆ ਅਗੇ ਪੇਸ਼ ਨਾ ਚੱਲੀ। ਆਖਿਰ ਉਸ ਨੂੰ ਖਰਗੋਸ਼ ਦਾ ਸ਼ਿਕਾਰ ਕਰਨਾ ਛੱਡਣਾ ਪਿਆ। ਉਹ ਖਰਗੋਸ਼ ਨੂੰ ਛੱਡ ਕੇ ਉਥੋਂ ਚਲਾ ਗਿਆ ਤੇ ਕਹਿ ਰਿਹਾ ਸੀ- ਮੈਂ ਤਹਾਨੂੰ ਫਿਰ ਵੇਖ ਲਵਾਂਗਾ? ਖਰਗੋਸ਼ ਦੀ ਪਿਛਲੀ ਲੱਤ ਜਖਮੀ ਹੋ ਗਈ ਸੀ। ਸ਼ੇਰ ਸਿੰਘ ਦੇ ਦੰਦ ਉਸਦੀ ਪਿਛਲੀ ਲੱਤ ਵਿੱਚ ਖੁੱਭ ਗਏ ਸਨ ਜਿਸ ਕਾਰਨ ਖ਼ੂਨ ਵਹਿ ਰਿਹਾ ਸੀ। ਭਾਲੂ ਨੇ ਜਲਦੀ ਨਾਲ ਖਰਗੋਸ਼ ਦੇ ਵੀ ਜੜ੍ਹੀ-ਬੂਟੀ ਲਗਾਈ ਅਤੇ ਖ਼ੂਨ ਦਾ ਵਗਣਾ ਬੰਦ ਕੀਤਾ। ਖਰਗੋਸ਼ ਨੂੰ ਬਹੁਤ ਆਰਾਮ ਮਿਲਿਆ। ਖਰਗੋਸ਼ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਤੁਸੀਂ ਆਪਣੀ ਜਾਨ ਖਤਰੇ ਵਿੱਚ ਪਾ ਕੇ ਮੇਰੀ ਜਾਨ ਬਚਾਈ। ਮੈਂ ਵੀ ਸਦਾ ਤੁਹਾਡੀ ਮਦਦ ਕਰਾਂਗਾ। ਮੈਂ ਤੁਹਾਡਾ ਦੋਸਤ ਬਣਨਾ ਚਾਹੁੰਦਾ ਹਾਂ। ਭਾਲੂ ਅਤੇ ਚੀਤੇ ਨੇ ਖਰਗੋਸ਼ ਨਾਲ ਵੀ ਦੋਸਤੀ ਕਰ ਲਈ। ਤਿੰਨੋਂ ਆਪਸ ਵਿੱਚ ਪੱਕੇ ਦੋਸਤ ਬਣ ਗਏ। ਚੀਤਾ ਬੋਹੜ ਦੇ ਉੱਪਰ ਸੌਂਦਾ ਸੀ ਅਤੇ ਭਾਲੂ ਤੇ ਖਰਗੋਸ਼ ਦਰੱਖਤ ਦੇ ਥੱਲੇ ਆਰਾਮ ਕਰਦੇ ਸਨ। ਸੋ ਇਸ ਤਰ੍ਹਾਂ ਉਹਨਾਂ ਦੀ ਪੱਕੀ ਦੋਸਤੀ ਹੋ ਗਈ।

■



# ਗੁਣਾਂ ਦੀ ਖਾਨ ਆਂਵਲਾ

ਲੇਖ : ਪਰਿਧੀ ਜੈਨ

ਸਰਦੀਆਂ ਦੀ ਰੁੱਤ ਅਤੇ ਪਤਝੜ ਰੁੱਤ ਨੂੰ ਸਾਡੇ ਘਰਾਂ ਲਈ ਦੰਦਸਾਜੀ ਅਤੇ ਇਲਾਜ ਦੀ ਧਾਰਣਾ ਨਾਲ 'ਹੈਲਦੀ ਸੀਜਨ' (ਸਿਹਤਵਰਧਕ ਮੌਸਮ) ਕਿਹਾ ਜਾਂਦਾ ਹੈ। ਇਸ ਮੌਸਮ ਵਿੱਚ ਸ਼ਕਰਕੰਦ, ਅਮਰੂਦ, ਮੂੰਗਫਲੀ, ਅਦਰਕ, ਹਲਦੀ, ਟਮਾਟਰ, ਗਾਜਰ ਆਦਿ ਕੁਦਰਤ ਦੇ ਅਮੁੱਲੇ ਉਪਹਾਰ ਦੇ ਰੂਪ ਵਿੱਚ ਸਾਨੂੰ ਪ੍ਰਾਪਤ ਹੁੰਦੇ ਹਨ। ਸਾਰੀਆਂ ਚੀਜ਼ਾਂ ਸਿਹਤ ਲਈ ਵਰਦਾਨ ਹਨ। ਇਹਨਾਂ ਸਾਰੇ ਫਲਾਂ ਵਿਚੋਂ ਦਵਾਈ ਦੇ ਗੁਣਾਂ ਨਾ ਓਤਪੋਤ ਫਲ ਆਂਵਲਾ ਹੈ, ਜੋ ਸਾਨੂੰ ਸਿਰਫ ਸਰਦੀ ਦੀ ਰੁੱਤ ਵਿੱਚ ਹੀ ਪ੍ਰਾਪਤ ਹੁੰਦਾ ਹੈ। ਵਿਟਾਮਿਨ 'ਸੀ' ਨਾਲ ਭਰਪੂਰ ਇਹ ਫਲ ਸੁਕਾਉਣ, ਗਰਮ ਕਰਨ, ਪਕਾਉਣ ਜਾਂ ਚੂਰਨ ਰੂਪ ਵਿੱਚ ਸੁਰੱਖਿਅਤ ਰੱਖਣ ਤੇ ਵੀ ਆਪਣੇ ਵਿਟਾਮਿਨਾਂ ਦਾ ਮੂਲ ਰੂਪ ਜੀਵੰਤ ਰੱਖਦਾ ਹੈ। ਇਹਨੂੰ ਤੁਸੀ ਅਚਾਰ, ਚਟਨੀ, ਮੁਰੱਬਾ ਜਾਂ ਹੋਰ ਕਿਸੇ ਰੂਪ ਵਿੱਚ ਸੁਰੱਖਿਅਤ ਕਰਕੇ, ਕਿਸੇ ਵੀ ਮੌਸਮ ਵਿੱਚ ਇਸਤੇਮਾਲ ਕਰ ਸਕਦੇ ਹੋ। ਸਰਦੀ ਦੀ ਰੁੱਤ ਵਿੱਚ ਸੁਰੱਖਿਅਤ ਆਂਵਲੇ ਨਾਲ ਬਣੇ ਪਦਾਰਥਾਂ ਦਾ ਗਰਮੀ ਵਿੱਚ ਇਸਤੇਮਾਲ ਅੰਮ੍ਰਿਤ ਦੇ ਸਮਾਨ ਹੁੰਦਾ ਹੈ। ਇਹ ਨੇਤਰ ਜਿਉਤੀ ਲਈ ਵਧੀਆ ਹੈ ਹੀ, ਇਸੇ ਦੇ ਨਾਲ ਇਹ ਹਿਰਦੇ ਧਮਨੀਆਂ ਦੀ ਰੁਕਾਵਟ ਨੂੰ ਦੂਰ ਕਰਕੇ ਖ਼ੂਨ ਦੇ ਪ੍ਰਵਾਹ ਨੂੰ ਨਿਯਮਿਤ ਰੱਖਣ, ਸਰੀਰ ਦੇ ਬਾਕੀ ਹਿੱਸਿਆਂ ਦੀ ਗਰਮੀ ਦੂਰ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

ਆਂਵਲਾ ਨੂੰ ਸਾਡੇ ਪੁਰਖਿਆਂ ਨੇ 'ਆਰਸੇਨਿਕ' ਦਾ ਨਾਮ ਦਿੱਤਾ ਹੈ। ਪ੍ਰਸਿੱਧ ਕਥਾ ਇਸ ਤਰ੍ਹਾਂ ਹੈ ਕਿ ਆਦਿ ਕਾਲ ਵਿੱਚ ਜਦ ਪ੍ਰਲੈਅ ਆਈ ਤਾਂ ਸ੍ਰਿਸ਼ਟੀ ਦਾ ਅੰਤ ਚਰਮਸੀਮਾ ਨੂੰ ਪਾਰ ਕਰ ਗਿਆ, ਤਦ ਬ੍ਰਹਮਾ ਜੀ ਬ੍ਰਹਮ ਦੇ ਧਿਆਨ ਵਿੱਚ ਲੀਨ ਹੋ ਗਏ ਅਤੇ ਉਹਨਾਂ ਦੀਆਂ ਅੱਖਾਂ ਵਿਚੋਂ ਸੰਵਿਦਨਾ ਝਲਕੀ। ਉਹਨਾਂ ਦੈਵੀ ਬੂੰਦਾਂ ਦੇ ਫਲਸਰੂਪ ਆਂਵਲਾ ਰੁੱਖ ਦਾ ਜਨਮ ਹੋਇਆ। ਉਸੇ ਸਮੇਂ ਆਕਾਸ਼ ਵਿਚੋਂ ਇਕ ਤੇਜਸਵੀ ਬਾਣੀ ਗੂੰਜੀ, ਜੋ ਪੂਰੇ ਪਲੈਨੀਟੇਰਿਅਮ ਵਿੱਚ ਗੂੰਜ ਉਠੀ – 'ਹੇ ਦੇਵਤਿਓ, ਆਂਵਲੇ ਦਾ ਸਿਰਜਨ ਸਾਰੇ ਫਲਾਂ ਤੋਂ ਸ੍ਰੇਸ਼ਠ ਹੈ। ਇਸਦਾ ਰੁੱਖ, ਫਲ, ਪੱਤੇ, ਟਹਿਣੀਆਂ ਭਗਵਾਨ ਵਿਸ਼ਣੂ ਨੂੰ ਪਿਆਰੀਆਂ ਹਨ। ਇਹ ਸਰਵਰੋਗ ਹਰਤਾ, ਪਾਪ ਨਿਵਾਰਣ ਕਰਤਾ, ਸਰਬਇੱਛਾਵਾਂ ਨੂੰ ਸਾਧਨ ਵਾਲਾ ਹੈ।''

ਆਂਵਲੇ ਦਾ ਪ੍ਰਯੋਗ ਭੋਜਨ ਵਿੱਚ ਕਰਨ ਨਾਲ ਜਿਥੇ ਸਾਡੀ ਸਿਹਤ ਬਣੀ ਰਹਿੰਦੀ ਹੈ ਉਥੇ ਇਹ ਸਾਨੂੰ ਅਨੇਕ ਬੀਮਾਰੀਆਂ ਤੋਂ ਬਚਾਉਂਦਾ ਵੀ ਹੈ ਕਿਉਂਕਿ ਆਂਵਲੇ ਵਿੱਚ ਵਿਟਾਮਿਨ 'ਸੀ'ਵਧੇਰੇ ਮਾਤਰਾ ਵਿੱਚ ਹੁੰਦਾ ਹੈ। ਕੁਝ ਵਿਅਕਤੀ ਤਾਂ ਆਂਵਲਾ ਕੱਚਾ ਹੀ ਖਾ ਲੈਂਦੇ ਹਨ। ਇਸਦਾ ਸਵਾਦ ਕਸੈਲਾ ਹੁੰਦਾ ਹੈ। ਕੱਚੇ ਆਂਵਲੇ ਦੀ ਚਟਨੀ ਸਵਾਦੀ ਬਣਦੀ ਹੈ। ਦਵਾਈ ਦੇ ਰੂਪ ਵਿੱਚ ਵੀ ਇਸਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਲਾਂ ਲਈ ਆਂਵਲਾ ਵਰਦਾਨ ਹੈ। ਇਸਦੇ ਨਿਯਮਿਤ ਇਸਤੇਮਾਲ ਨਾਲ ਵਾਲ ਕਾਲੇ, ਘਣੇ ਅਤੇ ਲੰਬੇ ਹੁੰਦੇ ਹਨ। ਆਂਵਲੇ ਦੀ ਤਾਸੀਰ ਠੰਡੀ ਹੁੰਦੀ ਹੈ। ਇਸ ਲਈ ਸਰਦੀਆਂ ਵਿੱਚ ਸਵੇਰੇ ਧੁੱਪ ਸੇਕਣ ਵੇਲੇ ਇਸਦਾ ਮੁਰੱਬਾ ਖਾਣ ਨਾਲ ਵਿਟਾਮਿਨ 'ਸੀ' ਅਤੇ ਵਿਟਾਮਿਨ 'ਡੀ' ਦੋਵੇਂ ਹੀ ਸਰੀਰ ਨੂੰ ਪ੍ਰਾਪਤ ਹੋ ਜਾਂਦੇ ਹਨ।

ਆਂਵਲੇ ਨੂੰ ਅਸੀ ਵਿਗਿਆਨਕ ਕਸੌਟੀ ਤੇ ਵੇਖਾਂਗੇ ਤਾਂ ਪ੍ਰਤੀ 100 ਗ੍ਰਾਮ ਆਂਵਲੇ ਵਿੱਚ 600 ਮਿਲੀਗ੍ਰਾਮ ਵਿਟਾਮਿਨ 'ਸੀ' ਰਹਿੰਦਾ ਹੈ। ਇਸਦੇ ਇਲਾਵਾ ਪ੍ਰੋਟੀਨ, ਰੇਸ਼ਾ, ਕੈਲਸ਼ੀਅਮ, ਖਣਿਜ ਲਵਣ, ਫਾਸਫੋਰਸ, ਲੋਹਾ ਬਾਕੀ ਫਲਾਂ ਦੀ ਤੁਲਨਾ ਵਿੱਚ ਆਂਵਲੇ ਵਿੱਚ ਜ਼ਿਆਦਾ ਰਹਿੰਦਾ ਹੈ। ਇਕ ਆਂਵਲੇ ਵਿੱਚ 2 ਸੰਤਰੇ ਜਾਂ ਪੰਜ ਕੇਲਿਆਂ ਦੇ ਬਰਾਬਰ ਵਿਟਾਮਿਨ 'ਸੀ' ਰਹਿੰਦਾ ਹੈ। ਖ਼ੂਨ ਵਿਕਾਰ ਦੂਰ ਕਰਨ ਵਿੱਚ ਆਂਵਲੇ ਵਰਗਾ ਦੂਸਰਾ ਕੋਈ ਫਲ ਨਹੀਂ ਹੈ। ਆਪਣੀ ਠੰਡੀ ਤਸੀਰ ਦੇ ਕਾਰਨ ਇਹ ਖ਼ੂਨ ਦੀ ਗਰਮੀ ਨੂੰ ਤਾਂ ਦੂਰ ਕਰਦਾ ਹੀ ਹੈ, ਦਿਮਾਗ ਅਤੇ ਹਿਰਦੇ ਦੀਆਂ ਕੋਸ਼ਿਕਾਵਾਂ ਨੂੰ ਵੀ ਦੁਰਸਤ ਰੱਖਦਾ ਹੈ। ਭੋਜਨ ਤੋਂ ਪਹਿਲਾਂ ਜਾਂ ਭੋਜਨ ਦੇ ਬਾਦ ਕਿਸੇ ਵੀ ਰੂਪ ਵਿੱਚ ਆਂਵਲੇ ਦਾ ਇਸਤੇਮਾਲ ਲਾਭਦਾਇਕ ਹੁੰਦਾ ਹੈ। ਇਹ ਪਾਇਰੀਆ ਰੋਗ ਨੂੰ ਰੋਕਣ ਵਿੱਚ ਸਮਰਥ ਹੈ।

ਇਸਦੇ ਸੁੱਕੇ ਚੂਰਣ ਨੂੰ ਮੰਜਨ ਦੇ ਰੂਪ ਵਿੱਚ ਇਸਤੇਮਾਲ ਕਰਨ ਨਾਲ ਦੰਦ ਮਜ਼ਬੂਤ ਅਤੇ ਚਮਕਦਾਰ ਤਾਂ ਹੁੰਦੇ ਹੀ ਹਨ ਨਾਲ ਹੀ ਮੂੰਹ ਦੀ ਬਦਬੂ ਤੋਂ ਵੀ ਛੁਟਕਾਰਾ ਮਿਲ ਜਾਏਗਾ।

**ਆਂਵਲੇ ਦਾ ਤੇਲ :** ਆਂਵਲੇ ਨੂੰ ਕੁਚਲ ਕੇ ਰਸ ਨਿਚੋੜ ਲਉ। ਰਸ ਅਤੇ ਨਾਰੀਅਲ ਤੇਲ ਬਰਾਬਰ ਮਾਤਰਾ ਵਿੱਚ ਮਿਲਾ ਕੇ ਹਲਕੀ ਅੱਗ ਤੇ ਪਕਾਉ। ਜਦ ਪਾਣੀ ਦੀ ਮਾਤਰਾ ਸੜ ਜਾਏ ਤਾਂ ਹੇਠਾਂ ਲਾਹ ਕੇ ਠੰਡਾ ਕਰਕੇ ਛਾਣ ਲਉ। ਇਹਨੂੰ ਵਾਲਾਂ ਵਿੱਚ ਲਗਾਉ, ਵਾਲ ਮਜ਼ਬੂਤ ਰਹਿਣਗੇ।

**ਆਂਵਲਾ ਬਟੀ :** ਆਂਵਲੇ ਨੂੰ ਉਬਾਲ ਕੇ ਗੁੱਦੇ ਨੂੰ ਸਿਲਵੱਟੇ ਤੇ ਮਹੀਨ ਪੀਹ ਲਉ। ਸੇਂਧਾ ਨਮਕ, ਕਾਲਾ ਨਮਕ, ਸੁੰਡ ਪਾਊਡਰ ਅੰਦਾਜ਼ੇ ਅਤੇ ਸਵਾਦ ਅਨੁਸਾਰ ਪਾ ਕੇ ਮਿਸ਼ਰਣ ਬਣਾ ਲਉ। ਛੋਟੀਆਂ-ਛੋਟੀਆਂ ਗੋਲੀਆਂ ਬਣਾ ਕੇ ਸੁਕਾ ਲਉ। ਚਟਪਟੀ ਆਂਵਲਾ ਬਟੀ ਤਿਆਰ ਹੈ।

**ਆਂਵਲੇ ਦਾ ਅਚਾਰ :** ਆਂਵਲੇ ਨੂੰ ਉਬਾਲ ਲਉ। ਕਲੀਆਂ ਕੱਢ ਕੇ ਪਾਣੀ ਸੁਕਾ ਦਿਉ। ਇਕ ਬਰਤਨ ਵਿੱਚ ਅੰਦਾਜੇ ਨਾਲ ਤੇਲ ਗਰਮ ਕਰੋ। ਲਾਲਮਿਰਚ, ਹਲਦੀ, ਨਮਕ, ਮੇਥੀ ਪਿਸੀ ਹੋਈ, ਸੁੰਢ ਪਾਊਡਰ, ਰਾਈ, ਸੌਂਫ ਅਤੇ ਹਿੰਗ ਪਾ ਕੇ ਮਸਾਲਾ ਬਣਾ ਲਉ। ਇਸ ਵਿੱਚ ਆਂਵਲੇ ਦੀਆਂ ਕਲੀਆਂ ਮਿਲਾ ਕੇ ਮਰਤਬਾਨ ਵਿੱਚ ਭਰ ਦਿਉ। ਸਵਾਦੀ ਚਟਪਟਾ ਅਚਾਰ ਤਿਆਰ ਹੈ।

**ਆਂਵਲੇ ਦਾ ਮੁਰੱਬਾ :** ਆਂਵਲੇ ਨੂੰ ਗੋਦ ਕੇ ਪਾਣੀ ਵਿੱਚ ਜਰਾ-ਜਿਹਾ ਚੂਨਾ ਪਾ ਕੇ ਚੂਨੇ ਦੇ ਪਾਣੀ ਵਿੱਚ ਪਾ ਕੇ ਰੱਖੋ। ਦੋ ਦਿਨ ਬਾਦ ਇਸ ਨੂੰ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ ਅਤੇ ਪਾਣੀ ਬਦਲ ਕੇ ਫਿਰ ਤੋਂ ਸਾਫ਼ ਪਾਣੀ ਪਾ ਕੇ ਰੱਖ ਦਿਉ। 5-7 ਵਾਰ 2-2 ਘੰਟੇ ਦੇ ਅੰਤਰ ਤੇ ਧੋਣ ਨਾਲ ਇਸਦੇ ਅੰਦਰੋਂ ਚੂਨੇ ਦੇ ਪਾਣੀ ਨੂੰ ਪੂਰੀ ਤਰ੍ਹਾਂ ਸਾਫ਼ ਕਰ ਸਕਦੇ ਹਾਂ। ਬਾਦ ਵਿੱਚ ਆਂਵਲੇ ਨੂੰ ਕੁਝ ਸਖਤ ਹੋਣ ਤਕ ਪਕਾਉ। ਇਸ ਨੂੰ ਪਾਣੀ ਵਿਚੋਂ ਬਾਹਰ ਕੱਢ ਕੇ ਆਂਵਲੇ ਦਾ ਪਾਣੀ ਚੰਗੀ ਤਰ੍ਹਾਂ ਸੁਕਾਉ। ਇਕ ਤਾਰ ਦੀ ਚਾਸ਼ਨੀ ਬਣਾਉਣ ਦੇ ਬਾਦ ਫਿਰ ਤੋਂ ਗਾੜ੍ਹੀ ਹੋਣ ਤਕ ਆਂਵਲੇ ਨੂੰ ਕੜਛੀ ਨਾਲ ਹਿਲਾਉਂਦੇ ਹੋਏ ਪਕਾਉ। ਠੰਡਾ ਹੋਣ ਤੇ ਮਰਤਬਾਨ ਵਿੱਚ ਭਰ ਦਿਉ। ਆਂਵਲੇ ਦਾ ਸੁਆਦੀ ਮੁਰੱਬਾ ਤਿਆਰ ਹੈ। ਇਹਨੂੰ ਚਾਂਦੀ ਦੇ ਵਰਕ ਨਾਲ ਸਜਾ ਕੇ ਖਾਉ।

**ਆਂਵਲੇ ਦੀ ਸੁਪਾਰੀ :** ਆਂਵਲਾ ਉਬਾਲ ਕੇ ਉਸ ਦੀਆਂ ਕਲੀਆਂ ਕੱਢ ਕੇ ਜਾਂ ਕੱਚੇ ਆਂਵਲੇ ਨੂੰ ਕਸ ਕੇ ਉਸ ਵਿੱਚ ਕਾਲਾ ਨਮਕ ਮਿਲਾ ਕੇ ਸੁਕਾ ਲਉ। ਆਂਵਲੇ ਦੀ ਸੁਪਾਰੀ ਤਿਆਰ ਹੋ ਜਾਏਗੀ। ਇਹਨੂੰ ਕਿਸੇ ਵੀ ਵਕਤ ਖਾਣ ਨਾਲ ਆਪ ਦੇ ਮੂੰਹ ਦਾ ਜਾਇਕਾ ਵੀ ਠੀਕ ਰਹੇਗਾ ਅਤੇ ਪੇਟ ਸਬੰਧੀ ਰੋਗਾਂ ਤੋਂ ਵੀ ਛੁਟਕਾਰਾ ਮਿਲੇਗਾ।

ਆਂਵਲੇ ਨੂੰ ਦਵਾਈ ਰੂਪ ਵਿੱਚ ਪ੍ਰਯੋਗ ਕਰਨ ਦੇ ਕੁਝ ਉਪਾਅ ਇਸ ਪ੍ਰਕਾਰ ਹਨ –

- ਆਂਵਲਾ ਚੂਰਣ ਇਕ ਚਮਚ ਰਾਤ ਨੂੰ ਸੌਂਦੇ ਸਮੇਂ ਪਾਣੀ ਦੇ ਨਾਲ ਲੈਣ ਜਾਂ ਸ਼ਹਿਦ ਦੇ ਨਾਲ ਚੱਟਣ ਨਾਲ ਕਬਜ਼ ਦੀ ਸ਼ਿਕਾਇਤ ਦੂਰ ਹੁੰਦੀ ਹੈ।
- ਆਂਵਲੇ ਦਾ ਨਿਯਮਿਤ ਪ੍ਰਯੋਗ ਬਵਾਸੀਰ ਅਤੇ ਕੀੜੇ ਵੀ ਨਸ਼ਟ ਕਰਦਾ ਹੈ।
- ਆਂਵਲੇ ਦੀ ਚਟਨੀ ਬਣਾ ਕੇ ਖਾਣ ਨਾਲ ਵਿਭਿੰਨ ਰੋਗ ਦੂਰ ਹੁੰਦੇ ਹਨ।
- ਆਂਵਲਾ ਪਾਊਡਰ ਅਤੇ ਮੁਲਹਠੀ ਖਾਲੀ ਪੇਟ ਲੈਣ ਨਾਲ ਖਾਂਸੀ, ਬਲਗਮ ਤੋਂ ਆਰਾਮ ਮਿਲਦਾ ਹੈ।
- ਆਂਵਲਾ ਪਾਊਡਰ ਅਤੇ ਧਨੀਆ ਪਾਊਡਰ ਬਰਾਬਰ ਮਾਤਰਾ ਵਿਚ ਸ਼ਹਿਦ ਦੇ ਨਾਲ ਲੈਣ ਨਾਲ ਸਿਰਦਰਦ ਅਤੇ ਚੱਕਰ ਆਉਣ ਤੋਂ ਛੁਟਕਾਰਾ ਮਿਲੇਗਾ।
- ਵਾਲ ਧੋਣ ਲਈ ਲੋਹੇ ਦੀ ਕੜਾਹੀ ਵਿੱਚ ਆਂਵਲਾ ਪਾਊਡਰ, ਸ਼ਿਕਾਕਾਈ ਪਾਊਡਰ, ਰੀਠਾ ਪਾਊਡਰ ਤਿੰਨੋ ਭਿਉਂ ਦਿਉ। ਸਵੇਰੇ ਉਸ ਨਾਲ ਵਾਲ ਧੋਵੋ। ਵਾਲਾਂ ਦਾ ਝੜਨਾ ਘੱਟ ਹੋਵੇਗਾ ਅਤੇ ਵਾਲ ਕਾਲੇ ਅਤੇ ਲੰਮੇ ਹੋਣਗੇ।
- ਸਫੈਦ ਵਾਲਾਂ ਨੂੰ ਕਾਲਾ ਕਰਨ ਲਈ ਆਂਵਲਾ ਅਤੇ ਰੀਠਾ ਪਾਊਡਰ ਬਰਾਬਰ ਮਾਤਰਾ ਵਿੱਚ ਰਾਤ ਨੂੰ ਲੋਹੇ ਦੀ ਕੜਾਹੀ ਵਿੱਚ ਭਿਉਂ ਦਿਉ। ਸਵੇਰੇ ਚਾਹਪੱਤੀ ਦਾ ਪਾਣੀ ਉਬਾਲ ਕੇ ਉਸ ਵਿੱਚ ਮਹਿੰਦੀ ਮਿਲਾ ਕੇ ਕੜਾਹੀ ਵਾਲੇ ਮਿਸ਼ਰਣ ਵਿੱਚ ਮਿਲਾ ਦਿਉ। ਬ੍ਰਸ਼ ਨਾਲ ਇਸ ਪੇਸਟ ਨੂੰ ਵਾਲਾਂ ਵਿੱਚ ਲਗਾਉ। 4-5 ਘੰਟੇ ਤਕ ਵਾਲਾਂ ਵਿੱਚ ਲਗਾ ਰਹਿਣ ਦਿਉ। ਬਾਅਦ ਵਿੱਚ ਸ਼ੈਂਪੂ ਨਾਲ ਵਾਲ ਧੋਵੋ। ਹਫ਼ਤੇ ਵਿੱਚ 2 ਵਾਰ ਉਪਰੋਕਤ ਮਿਸ਼ਰਣ ਨੂੰ ਵਾਲਾਂ ਵਿੱਚ ਲਗਾਉ। ਹੋਲੀ-ਹੋਲੀ ਵਾਲਾਂ ਦੀ ਸਫੇਦੀ ਦੂਰ ਹੋਏਗੀ। ਵਾਲ ਧੋਣ ਦੇ ਬਾਅਦ ਆਂਵਲੇ ਦਾ ਤੇਲ ਵਾਲਾਂ ਵਿੱਚ ਲਗਾਉ।

ਅਗਰ ਅਸੀ ਆਂਵਲੇ ਦਾ ਪ੍ਰਤੀਦਿਨ ਪ੍ਰਯੋਗ ਕਰੀਏ ਤਾਂ ਅਸੀ ਸਿਹਤਮੰਦ, ਸੁੰਦਰ ਬਣੇ ਰਹਾਂਗੇ। ਆਂਵਲੇ ਦਾ ਪ੍ਰਤੀਦਿਨ ਪ੍ਰਯੋਗ ਸੋਨੇ ਵਿੱਚ ਸੁਹਾਗੇ ਦਾ ਕੰਮ ਕਰਦਾ ਹੈ।

# ਹਾਸਾ ਖੇਡਾ

ਇਕ ਆਦਮੀ ਦੇ ਸਿਰ ਤੋਂ ਖ਼ੂਨ ਨਿਕਲ ਰਿਹਾ ਸੀ। ਉਹ ਡਾਕਟਰ ਦੇ ਕੋਲ ਪਹੁੰਚਿਆ ਤਾਂ ਡਾਕਟਰ ਨੇ ਪੁੱਛਿਆ – ਇਹ ਕਿਵੇਂ ਹੋਇਆ?

ਆਦਮੀ ਬੋਲਿਆ – ਡਾਕਟਰ ਸਾਹਿਬ! ਮੈਂ ਹਥੌੜੇ ਨਾਲ ਪੱਥਰ ਤੋੜ ਰਿਹਾ ਸੀ। ਤਦੇ ਮੇਰੀ ਪਤਨੀ ਨੇ ਕਿਹਾ – ''ਕਦੇ ਤਾਂ ਆਪਣਾ ਦਿਮਾਗ ਇਸਤੇਮਾਲ ਕਰਿਆ ਕਰੋ।''

..................

ਮਹਿਮਾਨ : ਬੇਟਾ, ਤੇਰਾ ਜਨਮ ਕਿਹੜੇ ਦਿਨ ਹੋਇਆ ਸੀ?

ਬੱਚਾ : ਸ਼ੁਕਰਵਾਰ ਨੂੰ। ਅਤੇ ਆਪ ਦਾ?

ਮਹਿਮਾਨ : ਸੰਡੇ ਨੂੰ

ਬੱਚਾ : ਝੂਠ ਸੰਡੇ ਨੂੰ ਤਾਂ ਛੁੱਟੀ ਹੁੰਦੀ ਹੈ।

............

ਪਿਤਾ : ਤੇਰੀ ਜਮਾਤ ਵਿਚੋਂ ਸਭ ਤੋਂ ਮਿਹਨਤੀ ਬੱਚਾ ਕਿਹੜਾ ਹੈ?

ਬੇਟਾ : ਜੀ, ਮੈਂ ਹਾਂ।

ਪਿਤਾ : ਉਹ ਕਿਵੇਂ?

ਬੇਟਾ : ਜਦ ਸਾਰੇ ਬੱਚੇ ਬੈਂਚ ਤੇ ਬੈਠੇ ਰਹਿੰਦੇ ਹਨ, ਉਸ ਸਮੇਂ ਮੈਂ ਬੈਂਚ ਤੇ ਖੜ੍ਹਾ ਰਹਿੰਦਾ ਹਾਂ।



....................

ਪਿੰਟੂ : ਮੰਮੀ ਮੈਨੂੰ ਖੰਘ ਦੀ ਦਵਾਈ ਦਿਉ।

ਮੰਮੀ : ਬੇਟਾ, ਤੂੰ ਕੀ ਕਰਨੀ ਹੈ?

ਪਿੰਟੂ : ਮੰਮੀ ਟੇਪਰਿਕਾਰਡ ਵਿੱਚੋਂ ਖਰਰ-ਖਰਰ ਦੀ ਆਵਾਜ਼ ਨਿਕਲ ਰਹੀ ਹੈ, ਇਸ ਲਈ ਮੈਂ ਉਸ ਵਿੱਚ ਥੋੜੀ ਜਿਹੀ ਪਾਉਣੀ ਹੈ।

– ਵਿਕਾਸ ਕੁਮਾਰ

ਮੰਮੀ : ਬਬਲੂ, ਤੂੰ ਅੱਜ ਸਕੂਲ ਤੋਂ ਛੇਤੀ ਕਿਉਂ ਆ ਗਿਆ?

ਬਬਲੂ : ਮੰਮੀ ਮੇਰਾ ਗਬਰੂ ਨਾਲ ਝਗੜਾ ਹੋ ਗਿਆ ਅਤੇ ਸਰ ਨੇ ਮੈਨੂੰ ਜਮਾਤ ਤੋਂ ਬਾਹਰ ਕੱਢ ਦਿਤਾ।



ਮੰਮੀ : ਲੇਕਿਨ ਤੂੰ ਗਬਰੂ ਦੇ ਨਾਲ ਝਗੜਾ ਕਿਉਂ ਕੀਤਾ?

ਬਬਲੂ : ਮੈਂ ਅੱਜ ਛੇਤੀ ਘਰ ਆਉਣਾ ਸੀ, ਇਸ ਲਈ।

...............

ਇਕ ਕੈਦੀ ਦੂਸਰੇ ਕੈਦੀ ਨੂੰ ਬੋਲਿਆ – ਕੋਈ ਤੈਨੂੰ ਮਿਲਣ ਆਇਆ ਹੈ?

ਦੂਸਰਾ ਕੈਦੀ ਬੋਲਿਆ – ਰਿਸ਼ਤੇਦਾਰ ਤਾਂ ਬਹੁਤ ਸਾਰੇ ਹਨ ਲੇਕਿਨ ਸਾਰੇ ਇਥੇ ਜੇਲ ਵਿੱਚ ਹੀ ਹਨ।

.............

ਵਿਦਿਆਰਥੀ : ਸਰ, ਅਸੀਂ ਕੁਝ ਵੀ ਨਾ ਕਰੀਏ ਤਾਂ ਕੀ ਤੁਸੀਂ ਸਾਨੂੰ ਸਜਾ ਦਿਉਗੇ?

ਸਰ : ਨਹੀਂ।

ਵਿਦਿਆਰਥੀ : ਤਦ ਤਾਂ ਠੀਕ ਹੈ, ਅੱਜ ਮੈਂ ਹੋਮਵਰਕ ਨਹੀਂ ਕੀਤਾ।

– ਆਜਾਦ ਕੁਮਾਰ

ਰਾਜੂ ਡਰਾਇੰਗ ਰੂਮ ਵਿੱਚ ਬੈਠ ਕੇ 'ਡਰਾਇੰਗ' ਬਣਾ ਰਿਹਾ ਸੀ। ਉਸਦੀ ਮੰਮੀ ਨੇ ਗੁੱਸੇ ਵਿੱਚ ਰਾਜੂ ਨੂੰ ਕਿਹਾ – ਇਹ ਜਗ੍ਹਾ ਡਰਾਇੰਗ (ਚਿੱਤਰ) ਦੀ ਨਹੀਂ ਹੈ?



ਰਾਜੂ ਬੋਲਿਆ – ਮੰਮੀ ਜੀ ਇਹ ਡ੍ਰਾਇੰਗਰੂਮ ਹੈ ਇਸ ਲਈ ਤਾਂ ਮੈਂ ਇਥੇ ਡ੍ਰਾਇੰਗ ਬਣਾ ਰਿਹਾ ਹਾਂ।

..................

ਬੱਚੇ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ –

ਪਿਤਾ ਜੀ! ਕੀ ਆਪ ਅੱਖ ਬੰਦ ਕਰਕੇ 'ਸਾਇਨ' ਕਰ ਸਕਦੇ ਹੋ?

ਪਿਤਾ ਜੀ ਬੋਲੇ – ਹਾਂ, ਕਿਉਂ ਨਹੀਂ। ਇਕਦਮ ਆਸਾਨੀ ਨਾਲ ਕਰ ਸਕਦਾ ਹਾਂ।

ਬੱਚਾ : ਤਾਂ ਫਿਰ ਆਪ ਮੇਰੇ 'ਰਿਪੋਰਟ ਕਾਰਡ' ਤੇ ਅੱਖ ਬੰਦ ਕਰਕੇ 'ਸਾਇਨ' ਕਰ ਦਿਉ।

..................

ਅਧਿਆਪਕ ਇਕ ਛੋਟੇ ਬੱਚੇ ਨੂੰ ਵਾਰ-ਵਾਰ ਪੁੱਛ ਰਹੇ ਸਨ –

ਪਾਨੀਪਤ ਦੀ ਲੜਾਈ ਕਿਸ ਨੇ ਲੜੀ ਸੀ?

ਵਾਰ-ਵਾਰ ਪੁੱਛਣ ਤੇ ਵੀ ਲੜਕਾ ਕੁਝ ਨਹੀਂ ਬੋਲਿਆ।

ਮਾਸਟਰ ਜੀ ਨੇ ਉਹਨੂੰ ਝਿੜਕਿਆ ਤਾਂ ਲੜਕਾ ਰੋਂਦੇ ਹੋਏ ਬੋਲਿਆ –

ਸਰ! ਮੈਂ ਸੱਚ ਕਹਿੰਦਾ ਹਾਂ ਮੈਂ ਨਹੀਂ ਲੜੀ ਸੀ।

– ਬੱਬਲੂ

ਪੁੱਤਰ (ਨੇਤਾ ਪਾਪਾ ਨੂੰ) ਪਾਪਾ ਅਗਰ ਆਪਦੀ ਪਾਰਟੀ ਦਾ ਕੋਈ ਆਦਮੀ ਦੂਸਰੀ ਪਾਰਟੀ ਵਿੱਚ ਮਿਲ ਜਾਏ ਤਾਂ ਉਸਨੂੰ ਆਪ ਕੀ ਕਹੋਗੇ?

ਨੇਤਾ : ਗਦਾਰ।

ਪੁੱਤਰ : ਅਤੇ ਦੂਸਰੀ ਪਾਰਟੀ ਦਾ ਆਦਮੀ ਆਪ ਦੀ ਪਾਰਟੀ ਵਿੱਚ ਆ ਜਾਏ ਤਾਂ?

ਨੇਤਾ : ਹਿਰਦੇ ਪਰਿਵਰਤਨ।

..........

ਮਿੱਤਰ : ਕੱਲ ਰਾਤ ਸੁਪਨੇ ਵਿੱਚ ਵੇਖਿਆ ਕਿ ਮੈਂ ਇਕ ਨਵੇਂ ਆਕਾਰ ਦੇ ਨਾਸ਼ਤੇ ਦੀ ਕਾਢ ਕੀਤੀ ਹੈ ਅਤੇ ਮੈਂ ਉਹਨੂੰ ਚੱਖ ਹੀ ਰਿਹਾ ਸੀ ਕਿ ...

ਸਾਥੀ : ਹਾਂ, ਹਾਂ ਅਗੇ ਕਹੋ।

ਮਿੱਤਰ : ਮੇਰੀ ਨੀਂਦ ਖੁੱਲ੍ਹ ਗਈ ਅਤੇ ਮੈਂ ਵੇਖਿਆ ਕਿ ਚਟਾਈ ਦਾ ਇਕ ਕੋਨਾ ਗਾਇਬ ਹੈ।



..................

ਇੰਸਪੈਕਟਰ : ਬੰਟੀ, ਤੁਹਾਡੀ ਜੋ ਮੱਝ ਗਵਾਚੀ ਹੈ ਉਸਦੀ ਕੋਈ ਨਿਸ਼ਾਨੀ ਦੱਸੋ।

ਬੰਟੀ : ਇੰਸਪੈਕਟਰ ਸਾਹਿਬ, ਉਹ ਥੋੜੀ-ਥੋੜੀ ਦੇਰ ਵਿੱਚ ਪੂਛ ਹਿਲਾਂਉਂਦੀ ਹੈ।

– ਦੀਪਕ ਕੁਕਰੇਜਾ

❒ ਜਸਵਿੰਦਰ ਸ਼ਾਇਰ

# ਕਰ ਲੈ ਤਿਆਰੀ ਪੇਪਰਾਂ ਦੀ



ਖੇਡਣ ਦਾ ਛੱਡ ਕੇ ਖਿਆਲ
ਕਰ ਲੈ ਤਿਆਰੀ ਪੇਪਰਾਂ ਦੀ
ਲਾ ਕੇ ਚਿੱਤ ਮੇਰੇ ਲਾਲ।

ਟੀ.ਵੀ ਵੇਖਣ ਦਾ ਛੱਡ ਖਹਿੜਾ,
ਹਰ ਵੇਲੇ ਤੱਕਣਾ ਹੈ ਰੋਗ ਭੈੜਾ,
ਟੀ.ਵੀ ਵੇਖਦੇ ਰਹਿਣਾ ਉਮਰ ਸਾਰੀ
ਕਰ ਲੈ ਤਿਆਰੀ...

ਹੁਣ ਨਿੱਤ ਉਠ ਕੇ ਪੜ੍ਹਿਆ ਕਰ,
ਨਾ ਹਰ ਕਿਸੇ ਨਾਲ ਲੜਿਆ ਕਰ,
ਕਰ ਹੁਣ ਰਿਵੀਜ਼ਨ ਨਾਲ ਹੁਸ਼ਿਆਰੀ
ਕਰ ਲੈ ਤਿਆਰੀ...

ਪੜ੍ਹਨ ਵਿਚ ਜਿਹੜੇ ਨਹੀ ਚਿੱਤ ਲਾਉਂਦੇ,
ਅੰਤ ਵੇਲੇ ਨੇ ਉਹ ਬੜਾ ਪਛਤਾਉਂਦੇ,
ਅਨਪੜ੍ਹ 'ਸ਼ਾਇਰ' ਦੀ ਕਿਸਮਤ ਮਾੜੀ
ਕਰ ਲੈ ਤਿਆਰੀ...



ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਧੀ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਕੌਣ ਸੀ?

ਪ੍ਰਸ਼ਨ 2) 'ਮੇਰੇ ਸਤਯ ਦੇ ਪ੍ਰਯੋਗ' ਦੇ ਲੇਖਕ ਕੌਣ ਸਨ?

ਪ੍ਰਸ਼ਨ 3) ਭਾਰਤੀ ਸੰਸਦ ਦੀ ਵਿਦੇਸ਼ੀ ਮੂਲ ਦੀ ਵਿਰੋਧੀ ਨੇਤਾ ਕੌਣ ਹੈ?

ਪ੍ਰਸ਼ਨ 4) ਮਹਾਤਮਾ ਗਾਂਧੀ ਦੀ ਪਤਨੀ ਦਾ ਕੀ ਨਾਮ ਸੀ?

ਪ੍ਰਸ਼ਨ 5) ਕਿਸ ਭਾਰਤੀ ਦੀ ਤਸਵੀਰ ਸਭ ਤੋਂ ਪਹਿਲਾਂ ਭਾਰਤੀ ਡਾਕ ਟਿਕਟ ਉਤੇ ਛਾਪੀ ਗਈ?

ਪ੍ਰਸ਼ਨ 6) ਤੁਲਸੀ ਦਾਸ ਨੇ ਰਾਮ ਚਰਿਤਮਾਨਸ ਦੀ ਰਚਨਾ ਕਿਸ ਭਾਸ਼ਾ ਵਿਚ ਕੀਤੀ ਸੀ?

ਪ੍ਰਸ਼ਨ 7) ਕਿਸ ਭਾਰਤੀ ਪ੍ਰਧਾਨ ਮੰਤਰੀ ਦੀ ਹੱਤਿਆ 1991 ਵਿਚ ਸ੍ਰੀਪੇਰੰਬਦੂਰ ਵਿਚ ਹੋਈ ਸੀ?

ਪ੍ਰਸ਼ਨ 8) ਵਿਟਾਮਿਨ 'ਏ' ਦੀ ਕਮੀ ਨਾਲ ਹੋਣ ਵਾਲੇ ਕਿਸ ਰੋਗ ਨਾਲ ਰਾਤ ਨੂੰ ਘੱਟ ਦਿਖਾਈ ਦਿੰਦਾ ਹੈ?

ਪ੍ਰਸ਼ਨ 9) ਭਾਰਤ ਦੀ ਕਿਸ ਮਹਿਲਾ ਸਾਬਕਾ ਪ੍ਰਧਾਨ ਮੰਤਰੀ ਨੂੰ ਬੰਗਲਾ ਦੇਸ਼ ਸਰਕਾਰ ਨੇ ਆਪਣੇ ਸਰਵਉੱਚ ਨਾਗਰਿਕ ਪੁਰਸਕਾਰ ''ਬੰਗਲਾ ਦੇਸ਼ ਸਵੈਧੀਨਤਾ ਸਨਮਾਨ'' ਨਾਲ 2011 ਵਿਚ ਸਨਮਾਨਿਤ ਕੀਤਾ ਜਿਸ ਨੂੰ ਉਹਨਾਂ ਦੀ ਨੂੰਹ ਸੋਨੀਆ ਗਾਂਧੀ ਨੇ ਪ੍ਰਾਪਤ ਕੀਤਾ?

ਪ੍ਰਸ਼ਨ 10) ਸੁਤੰਤਰਤਾ ਸੈਨਾਨੀ ਅਬਦੁੱਲ ਗੱਫਾਰ ਖਾਨ ਕਿਸ ਨਾਮ ਨਾਲ ਪ੍ਰਸਿੱਧ ਹਨ?

ਪ੍ਰਸ਼ਨ 11) ਭਾਰਤ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਕੌਣ ਸਨ?

ਪ੍ਰਸ਼ਨ 12) 'ਭਾਰਤ ਛੱਡੋ ਅੰਦੋਲਨ' ਦੇ ਨੇਤਾ ਕੌਣ ਸਨ?

ਪ੍ਰਸ਼ਨ 13) 'ਭਾਰਤ ਰਤਨ' ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਮਹਿਲਾ ਕੌਣ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ - **ਅਜੈ ਕਾਲੜਾ**




ਮੈਨੂੰ ਤਾਂ ਰੋਜ਼ ਇਹੀ ਖਾਣਾ ਪਸੰਦ ਹੈ ਮਾਂ।
ਵੇਖੋ ਬੇਟਾ, ਘਰ ਦਾ ਬਣਿਆ ਖਾਣਾ ਨਾ ਖਾਣ ਦਾ ਨਤੀਜਾ, ਪੈ ਗਈ ਨਾ ਹੁਣ ਤੂੰ ਬੀਮਾਰ।
ਹਾਂ ਮੰਮੀ ..........!!
ਹੁਣ ਤਾਂ ਸਾਨੂੰ ਸਾਰਿਆਂ ਨੂੰ ਖਾਣਾ ਹੀ ਪਏਗਾ ਤੈਨੂੰ।


ਅਸੀਂ ਸਾਰੇ ਤਾਂ ਤੇਰੇ ਮਿੱਤਰ ਹਾਂ, ਅਸੀਂ ਤਾਂ ਚਾਹੁੰਦੇ ਹਾਂ ਕਿ ਤੂੰ ਜਲਦੀ ਠੀਕ ਹੋ ਜਾ।
.. ਪਰ ਮਾਂ ਨੇ ਕਿਹਾ ਸੀ ਕਿ ਮੈਨੂੰ ਕਈ ਦਿਨਾਂ ਤਕ ਕੌੜੀਆਂ ਦਵਾਈਆਂ ਖਾਣੀਆਂ ਪੈਣਗੀਆਂ।
ਅਗਰ ਤੂੰ ਸਾਡੀ ਗੱਲ ਮੰਨੇਗੀ ਤਾਂ ਜਲਦੀ ਠੀਕ ਹੋ ਜਾਏਗੀ।
ਪਰ ਕਿਵੇਂ?
ਵੇਖੋ ਮੈਂ ਹਾਂ ਘੀਆ, ਵਿਟਾਮਿਨ ਦੀ ਖਾਣ ਅਤੇ ਪਚਣ ਵਿੱਚ ਵੀ ਆਸਾਨ।
ਘੀਆ...?...ਹਾਂ ਮਾਂ ਵੀ ਤੇਰੇ ਲਈ ਇਹੀ ਬੋਲਦੀ ਹੈ।


ਖਾਣ ਨਾਲ ਤੇਰੀਆਂ ਅੱਖਾਂ ਦੀ ਰੋਸ਼ਨੀ ਵੀ ਵੱਧ ਜਾਏਗੀ।
ਅਸੀਂ ਸਾਰੇ ਬਹੁਤ ਪੌਸ਼ਟਿਕ ਹਾਂ।
ਮਾਂ... ਮੈਂ ਅੱਜ ਤੋਂ ਸਾਰੀਆਂ ਸਬਜ਼ੀਆਂ ਖਾਵਾਂਗੀ ਅਤੇ ਆਪ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੀ।



❑ ਸੀ.ਐਲ.ਗੁਲਾਟੀ

# ਕ੍ਰਿਸ਼ਨ ਅਤੇ ਕੰਸ

ਇਕ ਵਾਰ ਕਿਸੇ ਸ਼ਹਿਰ ਦੇ ਲੋਕਾਂ ਨੇ ਮਿਲ ਕੇ ਇਕ ਆਲੀਸ਼ਾਨ ਮੰਦਿਰ ਬਣਵਾਇਆ। ਉਸ ਮੰਦਿਰ ਵਿੱਚ ਮੂਰਤੀ ਸਥਾਪਨਾ ਕਰਨ ਲਈ ਕਈ ਸੁਝਾਵ ਆਏ। ਉਨਾਂ ਵਿੱਚੋਂ ਇਕ ਸੁਝਾਵ ਇਹ ਵੀ ਆਇਆ ਕਿ ਇਸ ਮੰਦਿਰ ਦੇ ਅੰਦਰ ਭਗਵਾਨ ਕ੍ਰਿਸ਼ਨ ਦੇ ਬਚਪਨ ਦੀ ਮੂਰਤੀ ਵੀ ਰੱਖੀ ਜਾਏ। ਸਾਰੇ ਲੋਕਾਂ ਨੇ ਇਸ ਦੀ ਸਹਿਮਤੀ ਦੇ ਦਿੱਤੀ।

ਭਗਵਾਨ ਕ੍ਰਿਸ਼ਨ ਦੀ ਮੂਰਤੀ ਬਣਾਉਣ ਲਈ ਉਸ ਇਲਾਕੇ ਦੇ ਕਲਾਕਾਰ ਨਾਲ ਸੰਪਰਕ ਕੀਤਾ ਗਿਆ ਅਤੇ ਉਸ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਬਚਪਨ ਦੀ ਮੂਰਤੀ ਬਣਾਉਣ ਲਈ ਕਿਹਾ। ਕਲਾਕਾਰ ਭਗਵਾਨ ਕ੍ਰਿਸ਼ਨ ਦੀ ਬਚਪਨ ਦੀ ਮੂਰਤੀ ਬਣਾਉਣ ਲਈ ਤਿਆਰ ਹੋ ਗਿਆ ਪ੍ਰੰਤੂ ਇਹ ਸ਼ਰਤ ਰੱਖੀ ਕਿ ਸ਼ਹਿਰ ਵਿੱਚ ਜੋ ਸਭ ਤੋਂ ਸੁੰਦਰ ਬੱਚਾ ਹੋਵੇ ਅਤੇ ਜੋ ਲਗਭਗ ਇਕ ਸਾਲ ਦੀ ਉਮਰ ਦਾ ਹੋਵੇ, ਉਸ ਨੂੰ ਮੇਰੇ ਸਾਹਮਣੇ ਬਿਠਾਇਆ ਜਾਏ ਤਾਂਕਿ ਮੈਂ ਉਸਦੀ ਸ਼ਕਲ ਤੋਂ ਪ੍ਰਭਾਵਿਤ ਹੋ ਕੇ ਭਗਵਾਨ ਕ੍ਰਿਸ਼ਨ ਦੀ ਮੂਰਤੀ ਬਣਾ ਸਕਾਂ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਬੰਧਕਾਂ ਨੂੰ ਜੋ ਬੱਚਾ ਸਭ ਤੋਂ ਸੁੰਦਰ ਲੱਗਾ ਉਸ ਨੂੰ ਉਸ ਕਲਾਕਾਰ ਦੇ ਸਾਹਮਣੇ ਲਿਆ ਕੇ ਬਿਠਾ ਦਿੱਤਾ। ਕਲਾਕਾਰ ਨੇ ਉਸ ਬੱਚੇ ਨੂੰ ਵੇਖ ਕੇ ਬਹੁਤ ਹੀ ਸੁੰਦਰ ਮੂਰਤੀ ਬਣਾ ਦਿੱਤੀ, ਜਿਸ ਦੀ ਸਾਰਿਆਂ ਨੇ ਸਰਾਹਨਾ ਕੀਤੀ ਅਤੇ ਉਸ ਮੂਰਤੀ ਨੂੰ ਬੜੀ ਸ਼ਰਧਾ ਪੂਰਵਕ ਮੰਦਿਰ ਵਿੱਚ ਸਥਾਪਿਤ ਕਰ ਦਿੱਤਾ ਗਿਆ।

ਲਗਭਗ 20 ਸਾਲ ਬਾਅਦ ਮੰਦਿਰ ਦੇ ਪ੍ਰਬੰਧਕਾਂ ਵਿਚੋਂ ਕਿਸੇ ਨੇ ਸੁਝਾਵ ਦਿੱਤਾ ਕਿ ਮੰਦਿਰ ਵਿੱਚ ਇਕ ਮੂਰਤੀ ਕੰਸ ਦੀ ਵੀ ਰੱਖ ਦਿੱਤੀ ਜਾਵੇ ਤਾਂ ਕਿ ਦੁਆਪਰ ਕਾਲ ਦਾ ਇਤਿਹਾਸ ਜੋ ਸ਼੍ਰੀਕ੍ਰਿਸ਼ਨ ਅਤੇ ਕੰਸ ਨਾਲ ਜੁੜਿਆ ਹੋਇਆ ਹੈ, ਉਸਨੂੰ ਪੂਰਣ ਰੂਪ ਨਾਲ ਦਰਸਾਇਆ ਜਾ ਸਕੇ।

ਸਾਰੇ ਲੋਕਾਂ ਨੇ ਉਸਦੀ ਸਹਿਮਤੀ ਪ੍ਰਗਟ ਕੀਤੀ ਅਤੇ ਫਿਰ ਜਿਸ ਨੇ ਭਗਵਾਨ ਕ੍ਰਿਸ਼ਨ ਦੀ ਬਚਪਨ ਦੀ ਮੂਰਤੀ ਬਣਾਈ ਸੀ ਉਸੇ ਕਲਾਕਾਰ ਨੂੰ ਬੁਲਾ ਕੇ ਕੰਸ ਦੀ ਮੂਰਤੀ ਬਣਾਉਣ ਲਈ ਕਿਹਾ ਗਿਆ। ਉਸ ਨੇ ਉਹ ਮੂਰਤੀ ਬਣਾਉਣ ਲਈ ਆਪਣੀ ਸਹਿਮਤੀ ਇਸ ਸ਼ਰਤ ਤੇ ਦਿੱਤੀ ਕਿ ਮੂਰਤੀ ਬਣਾਉਣ ਤੋਂ ਪਹਿਲਾਂ ਕਿਸੇ ਅਜਿਹੇ ਵਿਅਕਤੀ ਨੂੰ

ਮੇਰੇ ਸਾਹਮਣੇ ਲਿਆਂਦਾ ਜਾਏ ਜਿਸਦੇ ਚਿਹਰੇ ਤੇ ਕਰੂਰਤਾ, ਗੁੱਸਾ, ਈਰਖਾ ਅਤੇ ਨਫ਼ਰਤ ਦੀ ਭਾਵਨਾ ਝਲਕਦੀ ਹੋਵੇ। ਇਸ ਗੱਲ ਨੂੰ ਪੂਰਾ ਕਰਨ ਲਈ ਅਜਿਹੇ ਵਿਅਕਤੀ ਨਾਲ ਸੰਪਰਕ ਕੀਤਾ ਗਿਆ ਜੋ ਬਹੁਤ ਹੀ ਕਰੂਰ ਸੁਭਾਅ ਦਾ ਸੀ। ਉਸ ਆਦਮੀ ਨੂੰ ਪਿਆਰ ਨਾਲ ਸਮਝਾ-ਬੁਝਾ ਕੇ ਇਕ ਵਾਰ ਉਸ ਮੰਦਿਰ ਵਿੱਚ ਆਉਣ ਦੀ ਪ੍ਰੇਰਨਾ ਦਿੱਤੀ ਗਈ ਜਿਥੇ ਮੂਰਤੀ ਬਣਾਉਣ ਵਾਲਾ ਕਲਾਕਾਰ ਮੌਜੂਦ ਸੀ।



ਕਰੂਰ ਵਿਅਕਤੀ ਜਿਉਂ ਹੀ ਮੰਦਿਰ ਦੇ ਅੰਦਰ ਆਇਆ ਤਾਂ ਉਸਦੇ ਵਿਵਹਾਰ ਅਤੇ ਚਿਹਰੇ ਨੂੰ ਵੇਖ ਕੇ ਕਲਾਕਾਰ ਬਹੁਤ ਹੀ ਖੁਸ਼ ਹੋਇਆ ਕਿਉਂਕਿ ਕੰਸ ਦੀ ਮੂਰਤੀ ਲਈ ਪ੍ਰਬੰਧਕ ਅਜਿਹੇ ਵਿਅਕਤੀ ਨੂੰ ਲੱਭ ਕੇ ਲਿਆਏ ਸਨ ਜਿਸ ਦੀ ਉਸ ਨੂੰ ਲੋੜ ਸੀ। ਕਲਾਕਾਰ ਨੂੰ ਖੁਸ਼ ਵੇਖ ਕੇ ਉਸ ਵਿਅਕਤੀ ਨੇ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਵਾਰਤਾਲਾਪ ਕਰਦੇ-ਕਰਦੇ ਵਿਅਕਤੀ ਨੇ ਕਲਾਕਾਰ ਤੋਂ ਪੁੱਛਿਆ ਕਿ ਉਸਨੇ ਪਹਿਲਾਂ ਕਿਹੜੀਆਂ-ਕਿਹੜੀਆਂ ਮੂਰਤੀਆਂ ਬਣਾਈਆ ਹਨ। ਕਲਾਕਾਰ ਮੰਦਿਰ ਦੇ ਅੰਦਰ ਤਾਂ ਖੜ੍ਹਾ ਹੀ ਸੀ। ਉਹ ਇਸ਼ਾਰਾ ਕਰਕੇ ਤੁਰੰਤ ਬੋਲਿਆ ਕਿ ਇਹ ਭਗਵਾਨ ਕ੍ਰਿਸ਼ਨ ਦੇ ਬਚਪਨ ਦੀ ਮੂਰਤੀ ਲਗਭਗ 20 ਸਾਲ ਪਹਿਲਾਂ ਮੈਂ ਬਣਾਈ ਸੀ। ਉਹ ਵਿਅਕਤੀ ਉਸ ਮੂਰਤੀ ਨੂੰ ਧਿਆਨ ਨਾਲ ਵੇਖਣ ਲੱਗਾ ਅਤੇ ਉਹਨੂੰ ਯਾਦ ਆਇਆ ਕਿ ਇਹ ਸੁੰਦਰ ਅਤੇ ਆਕਰਸ਼ਿਤ ਮੂਰਤੀ ਕਿਸੇ ਹੋਰ ਦੀ ਨਹੀਂ ਬਲਕਿ ਉਸਦੇ ਹੀ ਬਚਪਨ ਦੀ ਸੀ। ਇਹ ਵੇਖ ਕੇ ਸਾਰੀ ਜ਼ਿੰਦਗੀ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮਣ ਲੱਗੀ। ਉਸਨੂੰ ਅਹਿਸਾਸ ਹੋਇਆ ਕਿ ਬਚਪਨ ਵਿੱਚ ਉਸਦਾ ਜੋ ਕ੍ਰਿਸ਼ਨ ਦਾ ਨਿਰਛਲ ਰੂਪ ਦਰਸਾਇਆ ਗਿਆ ਸੀ ਉਹੀ ਰੂਪ ਸਮਾਂ ਪਾ ਕੇ ਬੁਰੀ ਸੰਗਤੀ ਦੇ ਕਾਰਣ ਕੰਸ ਬਿਰਤੀ ਵਿੱਚ ਪਰੀਵਰਤਿਤ ਹੋ ਗਿਆ।

ਉਸ ਨੌਜਵਾਨ ਨੂੰ ਬਹੁਤ ਦੁਖ ਹੋਇਆ ਕਿ ਉਹ ਕਿੰਨਾਂ ਬਦਲ ਗਿਆ ਹੈ। ਉਸ ਨੇ ਇਹ ਪ੍ਰਣ ਕੀਤਾ ਕਿ ਹੁਣ ਤੋਂ ਉਹ ਬੁਰੇ ਲੋਕਾਂ ਦੀ ਸੰਗਤ ਛੱਡ ਕੇ ਸੰਤਾਂ-ਮਹਾਤਮਾਵਾਂ ਦੀ ਸੰਗਤ ਕਰੇਗਾ ਅਤੇ ਆਪਣੇ ਬਚਪਨ ਵਾਲੇ ਰੂਪ ਨੂੰ ਆਪਣੇ ਜੀਵਨ ਵਿੱਚ ਫਿਰ ਧਾਰਨ ਕਰੇਗਾ ਜਿਸ ਨਾਲ ਉਹ ਇਕ ਵਾਰ ਫਿਰ ਇਕ ਚੰਗਾ ਇਨਸਾਨ ਬਣ ਕੇ ਸਾਹਮਣੇ ਆ ਸਕੇ।

ਪਿਆਰੇ ਬੱਚਿਓ! ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬਚਪਨ ਤਾਂ ਬਿਲਕੁਲ ਕੋਰੀ ਸਲੇਟ ਦੀ ਤਰ੍ਹਾਂ ਹੁੰਦਾ ਹੈ ਲੇਕਿਨ ਸੰਗਤ ਇਨਸਾਨ ਨੂੰ ਚੰਗਾ ਜਾਂ ਬੁਰਾ ਬਣਾਉਂਦੀ ਹੈ। ਇਹੀ ਕਾਰਣ ਹੈ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਆਦੇਸ਼ਾ ਅਨੁਸਾਰ ਬੱਚਿਆਂ ਨੂੰ ਬਾਲ ਸੰਗਤ ਵਿੱਚ ਲਿਆ ਕੇ ਚੰਗੇ ਸੰਸਕਾਰ ਭਰਨ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਨਾਲ ਕਿ ਬੱਚੇ ਚੰਗੀ ਸੰਗਤ ਵਿੱਚ ਚੰਗਿਆਈਆਂ ਧਾਰਣ ਕਰਨ ਅਤੇ ਆਪਣੇ ਜੀਵਨ ਨੂੰ ਉਜੱਵਲ ਬਣਾਉਣ।





❒ ਅਮਨ ਅੰਮ੍ਰਿਤਸਰ

# ਪਿਆਰੇ ਬੱਚਿਓ !
# ਸਬਜ਼ੀਆਂ ਖਾਓ



ਪਿਆਰੇ ਬੱਚਿਓ! ਸਬਜ਼ੀਆਂ ਖਾਓ।
ਹੱਸੋ, ਖੇਡੋ ਤੇ ਮੌਜ ਮਨਾਓ।

ਵਿਟਾਮਿਨ ਨਾਲ ਹੁੰਦੀਆਂ ਭਰਪੂਰ।
ਖ਼ੂਨ ਦੀ ਕਮੀ ਇਹ ਕਰਦੀਆਂ ਦੂਰ।



ਹਰੀਆਂ-ਹਰੀਆਂ ਸਬਜ਼ੀਆਂ-ਸਾਗ।
ਤੇਜ਼ ਕਰਨ ਨਜ਼ਰ ਤੇ ਦਿਮਾਗ।

ਤੰਦਰੁਸਤੀ ਦਾ ਰਾਜ਼ ਇਹ ਹੁੰਦੀਆਂ।
ਸੁੰਦਰਤਾ ਦਾ ਭੰਡਾਰ ਇਹ ਹੁੰਦੀਆਂ।

'ਅਮਨ' ਸਬਜ਼ੀਆਂ ਨੇ ਗੁਣਕਾਰੀ।
ਆਵੇ ਤਾਕਤ ਜਾਵੇ ਬੀਮਾਰੀ।





# ਕੀ ਤੁਸੀਂ ਜਾਣਦੇ ਹੋ




- ਸਾਰੀਆਂ ਉਂਗਲਾਂ ਦੀ ਤੁਲਨਾ ਵਿੱਚ ਸਾਡੀ ਪਹਿਲੀ ਉਂਗਲੀ ਸਭ ਤੋਂ ਜ਼ਿਆਦਾ ਸੈਂਸਟਿਵ ਹੁੰਦੀ ਹੈ।
- ਬਲਿਊ ਵਹੇਲ ਮੱਛਲੀ ਆਪਣੇ ਮੂੰਹ ਵਿੱਚ ਆਪਣੇ ਸਰੀਰ ਦੇ ਵਜਨ ਤੋਂ ਜ਼ਿਆਦਾ ਪਾਣੀ ਲੈ ਸਕਦੀ ਹੈ।
- ਨੀਲੀ ਵਹੇਲ ਦੀ ਸੀਟੀ ਦੀ ਆਵਾਜ਼ ਜਾਨਵਰਾਂ ਦੀ ਆਵਾਜ਼ ਤੋਂ ਜ਼ਿਆਦਾ ਹੁੰਦੀ ਹੈ।
- ਨਾਰਵੇ ਵਿਸ਼ਵ ਦਾ ਪਹਿਲਾ ਐਸਾ ਦੇਸ਼ ਹੈ, ਜਿਥੇ ਰਾਤ ਨੂੰ ਸੂਰਜ ਚਮਕਦਾ ਹੈ।
- ਘੋਘਾ ਤਿੰਨ ਸਾਲ ਤਕ ਲਗਾਤਾਰ ਸੌਂ ਸਕਦਾ ਹੈ।
- ਫਰਾਂਸ ਇਕ ਐਸਾ ਦੇਸ਼ ਹੈ ਜਿਥੇ ਮੱਛਰ ਬਿਲਕੁਲ ਹੀ ਨਹੀਂ ਹੁੰਦੇ।
- ਮਾਊਂਟ ਐਵਰੈਸਟ ਉਤੇ ਸਭ ਤੋਂ ਪਹਿਲਾਂ ਚੜ੍ਹਨ ਵਾਲੀਆਂ ਜੁੜਵਾਂ ਭੈਣਾਂ ਤਾਸ਼ੀ ਅਤੇ ਨੁੰਗਸ਼ੀ ਸਨ।
- ਜਿਸ ਦੇ ਕਮਾਉਣ ਤੇ ਉਚਿਤ ਟੈਕਸ ਨਹੀਂ ਚੁਕਾਇਆ ਜਾਂਦਾ ਉਸ ਨੂੰ ਕਾਲਾ ਧਨ ਕਿਹਾ ਜਾਂਦਾ ਹੈ।
- ਟੈਨਿਸ ਖਿਡਾਰੀ ਸਾਨੀਆ ਮਿਰਜ਼ਾ ਨੇ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਲਈ ਖਿਤਾਬ ਜਿੱਤੇ ਹਨ।
- ਵਿਦਿਆ ਦੇਵੀ ਭੰਡਾਰੀ ਨੇਪਾਲ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣੀ।
- ਮੋਹਨਜੋਦੜੋ ਵਿੱਚ ਪਾਈ ਜਾਣ ਵਾਲੀ ਸਭ ਤੋਂ ਵੱਡੀ ਇਮਾਰਤ ਵਿਸ਼ਾਲ ਇਸ਼ਨਾਨਘਰ ਸੀ।
- ਚੰਦੇਲ ਰਾਜਵੰਸ਼ ਭਾਰਤ ਵਿੱਚ ਖਜੁਰਾਹੋਂ ਦੇ ਵਿਸ਼ਵ ਪ੍ਰਸਿੱਧ ਮੰਦਿਰਾਂ ਦੇ ਨਿਰਮਾਣ ਲਈ ਜਾਣੇ ਜਾਂਦੇ ਹਨ।
- ਗੌਤਮ ਬੁੱਧ ਦੇ ਪਿਤਾ ਦਾ ਨਾਂ ਸੁਧੋਦਨ (Suddhodana) ਸੀ।
- ਭਾਰਤ ਵਿਚ ਸਭ ਤੋਂ ਪਹਿਲਾਂ ਅੰਡਰਗਰਾਉਂਡ ਟ੍ਰੇਨ 24 ਅਕਤੂਬਰ 1984 ਨੂੰ ਕਲਕੱਤਾ ਵਿਚ ਚੱਲੀ ਸੀ।
- ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ 1935 ਵਿਚ ਹੋਈ ਸੀ।
- ਦੱਖਣੀ ਅਫਰੀਕਾ ਦਾ ਵਿਟਰਨ ਪੰਛੀ ਬਾਘ ਦੀ ਤਰ੍ਹਾਂ ਬੋਲਦਾ ਹੈ।

ਸੰਗ੍ਰਹਿਕਰਤਾ - ਗੁਰਦੇਵ ਸਿੰਘ

ਵਿਸ਼ੇਸ਼ ਲੇਖ : ਡਾ: ਪਰਸ਼ੂਰਾਮ

# ਤਿਤਲੀ ਮੱਛੀ



ਤਿਤਲੀ ਮੱਛੀ ਦੋ ਵੱਖ-ਵੱਖ ਪਰਿਵਾਰਾਂ ਦੀਆਂ ਮੱਛੀਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਆਪਸ ਵਿੱਚ ਕੋਈ ਸੰਬੰਧ ਨਹੀਂ ਹੈ। ਇਹਨਾਂ ਵਿਚੋਂ ਇਕ ਪਰਿਵਾਰ ਦੀਆਂ ਮੱਛੀਆਂ ਤਾਜੇ ਪਾਣੀ ਵਿੱਚ ਅਤੇ ਦੂਸਰੇ ਪਰਿਵਾਰ ਦੀਆਂ ਮੱਛੀਆਂ ਸਾਗਰ ਵਿੱਚ ਰਹਿੰਦੀਆਂ ਹਨ। ਕੁਝ ਲੋਕ ਤਾਜ਼ੇ ਪਾਣੀ ਵਿੱਚ ਮਿਲਣ ਵਾਲੀਆਂ ਮੱਛੀਆਂ ਨੂੰ ਤਿਤਲੀ ਮੱਛੀ ਕਹਿੰਦੇ ਹਨ ਅਤੇ ਸਾਗਰ ਵਿੱਚ ਮਿਲਣ ਵਾਲੀਆਂ ਮੱਛੀਆਂ ਨੂੰ ਫਰਿਸ਼ਤਾ ਮੱਛੀ ਕਹਿੰਦੇ ਹਨ। ਕੁਝ ਲੋਕ ਇਸਦੇ ਪੂਰੀ ਤਰ੍ਹਾਂ ਉਲਟ ਹਨ। ਉਹ ਤਾਜੇ ਪਾਣੀ ਦੀਆਂ ਮੱਛੀਆਂ ਨੂੰ ਫਰਿਸ਼ਤਾ ਮੱਛੀ ਅਤੇ ਸਾਗਰ ਵਿੱਚ ਮਿਲਣ ਵਾਲੀਆਂ ਮੱਛੀਆਂ ਨੂੰ ਤਿਤਲੀ ਮੱਛਲ ਕਹਿੰਦੇ ਹਨ। ਸੋ ਤਿਤਲੀ ਮੱਛੀ ਦੇ ਬਾਰੇ ਕੁਝ ਵੀ ਕਹਿਣ ਤੋਂ ਪਹਿਲਾਂ ਤਿਤਲੀ ਮੱਛੀ ਦੀ ਸਥਿਤੀ ਸਪੱਸ਼ਟ ਕਰਨਾ ਜ਼ਰੂਰੀ ਹੈ।

ਵਿਸ਼ਵ ਵਿੱਚ ਅਜਿਹੀਆਂ ਬਹੁਤ ਸਾਰੀਆਂ ਮੱਛੀਆਂ ਮਿਲਦੀਆਂ ਹਨ, ਜਿਹਨਾਂ ਨੂੰ ਫਰਿਸ਼ਤਾ ਮੱਛੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹਨਾਂ ਸਾਰੀਆਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆਂ ਜਾਂਦਾ ਹੈ। ਪਹਿਲੇ ਹਿੱਸੇ ਵਿੱਚ ਸਾਗਰ ਦੀ ਮੁਨਿ ਮੱਛੀ ਆਉਂਦੀ ਹੈ। ਇਹ ਸ਼ਾਰਕ ਦੀ ਨਜ਼ਦੀਕੀ ਸੰਬੰਧੀ ਹੈ। ਇਹ ਫਰਿਸ਼ਤਾ ਮੱਛੀ ਤਾਂ ਹੈ, ਪ੍ਰੰਤੂ ਇਹਨੂੰ ਤਿਤਲੀ ਮੱਛੀ ਕਦੇ ਨਹੀਂ ਕਿਹਾ ਜਾਂਦਾ।

ਦੂਸਰੇ ਹਿੱਸੇ ਵਿੱਚ ਪੱਛਮੀ ਅਫਰੀਕਾ ਦੀਆਂ ਨਦੀਆਂ ਵਿੱਚ ਮਿਲਣ ਵਾਲੀ ਫਰਿਸ਼ਤਾ ਮੱਛੀ ਆਉਂਦੀ ਹੈ। ਇਸਦਾ ਵਿਗਿਆਨਕ ਨਾਮ ਪੈਂਟੋਡੋਨ ਬਛੋਲਜੀ ਹੈ। ਇਹਨੂੰ ਤਿਤਲੀ ਮੱਛੀ ਵੀ ਕਹਿੰਦੇ ਹਨ। ਤਾਜੇ ਪਾਣੀ ਦੀ ਤਿਤਲੀ ਮੱਛੀ ਆਪਣਾ ਜ਼ਿਆਦਾ ਸਮਾਂ ਪਾਣੀ ਵਾਲੇ ਪੌਦਿਆਂ ਦੇ ਵਿਚਕਾਰ ਬਤੀਤ ਕਰਦੀ ਹੈ। ਤਿਤਲੀ ਮੱਛੀ ਦੇ ਸੰਬੰਧ ਵਿੱਚ ਇਹ ਕਿਹਾ ਜਾਂਦਾ ਹੈ ਕਿ ਇਹ ਪਾਣੀ ਦੀ ਪਰਤ ਜਾਂ ਹਵਾ ਵਿੱਚ ਚਮਗਾਦੜਾਂ ਵਾਂਗ ਉਡਦੀ ਹੈ। ਇਸ ਸਮੇਂ ਇਹ ਆਪਣੀ ਪੂਰੀ ਸ਼ਕਤੀ ਲਗਾ ਕੇ ਛਾਤੀ ਦੇ ਵੱਡ-ਵੱਡੇ ਖੰਭਾਂ ਨੂੰ ਉਪਰ ਹੇਠਾਂ ਕਰਕੇ ਉਡਣ ਦਾ ਯਤਨ ਕਰਦੀ ਹੈ। ਤਿਤਲੀ ਮੱਛੀ ਦੇ ਇਸ ਵਿਲੱਖਣ ਗੁਣ ਨੇ ਜੀਵ ਵਿਗਿਆਨ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਅਤੇ ਸੰਨ 1950 ਦੇ ਬਾਦ ਇਸ ਤੇ ਅਨੇਕ ਪ੍ਰਯੋਗ ਕੀਤੇ ਗਏ। ਇਹਨਾਂ ਪ੍ਰਯੋਗਾਂ ਤੋਂ ਇਹ ਸਿੱਟਾ ਨਿਕਲਿਆ ਕਿ ਇਸ ਦੇ ਸੰਬੰਧ ਵਿੱਚ ਪ੍ਰਚੱਲਿਤ ਸਾਰੀਆਂ ਧਾਰਾਵਾਂ ਗੁੰਮਰਾਹ ਕਰਨ ਵਾਲੀਆਂ ਹਨ। ਜੀਵ ਵਿਗਿਆਨਕਾਂ ਦੇ ਅਨੁਸਾਰ ਤਿਤਲੀ ਮੱਛੀ ਉਡੋਂ ਨਹੀਂ ਸਕਦੀ ਪ੍ਰੰਤੂ ਇਹ ਦੋ ਮੀਟਰ ਤਕ ਉਚੀ ਉਛਲ ਸਕਦੀ ਹੈ।

ਤਿਤਲੀ ਮੱਛੀ ਇਕ ਛੋਟੀ ਮੱਛੀ ਹੈ। ਇਸਦੀ ਲੰਬਾਈ 8 ਸੈਂਟੀਮੀਟਰ ਤਕ ਹੁੰਦੀ ਹੈ। ਤਿਤਲੀ ਮੱਛੀ ਦਾ ਸਰੀਰ ਕਿਸ਼ਤੀ ਦੇ ਆਕਾਰ ਦਾ ਹੁੰਦਾ ਹੈ। ਇਹ ਉਪਰ ਤੋਂ ਚਪਟੀ ਅਤੇ ਹੇਠਾਂ ਤੋਂ ਗੋਲਾਈ ਵਾਲੀ ਹੁੰਦੀ ਹੈ। ਇਸਦਾ ਰੰਗ ਹਰੇ ਤੋਂ ਲੈ ਕੇ ਕਥਈ ਤਕ ਹੁੰਦਾ ਹੈ ਅਤੇ ਇਸਦੀ ਪਿੱਠ ਅਤੇ ਕੱਛਾਂ ਤੇ ਕਥਈ ਅਤੇ ਗੂੜੇ ਹਰੇ ਰੰਗ ਦੇ ਧੱਬੇ ਅਤੇ ਰੇਖਾਵਾਂ ਹੁੰਦੀਆਂ ਹਨ। ਤਿਤਲੀ ਮੱਛੀ ਦਾ ਮੂੰਹ ਵੱਡਾ ਹੁੰਦਾ ਹੈ ਅਤੇ ਉਪਰ ਵੱਲ ਉਠਿਆ ਰਹਿੰਦਾ ਹੈ। ਇਸਦੇ ਨਥੁਨੇ ਲੰਬੇ ਅਤੇ ਟਿਊਬ ਦੇ

ਆਕਾਰ ਦੇ ਹੁੰਦੇ ਹਨ। ਤਿਤਲੀ ਮੱਛੀ ਦੇ ਖੰਭ ਸਭ ਤੋਂ ਜ਼ਿਆਦਾ ਵਚਿੱਤਰ ਹੁੰਦੇ ਹਨ। ਇਸਦੇ ਖੰਭ ਆਮ ਮੱਛੀਆਂ ਤੋਂ ਪੂਰੀ ਤਰ੍ਹਾਂ ਵੱਖ ਹੁੰਦੇ ਹਨ ਅਤੇ ਵੇਖਣ ਵਿੱਚ ਅਜਿਹੇ ਲੱਗਦੇ ਹਨ, ਜਿਵੇਂ ਲੰਬੇ-ਲੰਬੇ ਕੰਡੇ ਹੋਣ। ਤਿਤਲੀ ਮੱਛੀ ਦੀ ਛਾਤੀ ਦੇ ਖੰਭ ਵੱਡੇ ਹੁੰਦੇ ਹਨ ਅਤੇ ਉਹਨਾਂ ਦਾ ਰੰਗ ਕਥਈ-ਸਫੈਦ ਹੁੰਦਾ ਹੈ। ਇਸਦੇ ਬੱਟੌਕਸ ਦੇ ਦੋਹਾਂ ਖੰਭਾਂ ਦਾ ਰੰਗ ਵੀ ਕਥਈ-ਸਫ਼ੇਦ ਹੁੰਦਾ ਹੈ ਅਤੇ ਹਰੇਕ ਖੰਭ ਵਿੱਚ ਚਾਰ-ਚਾਰ ਫਿਨਰੇਜ ਹੁੰਦੀਆਂ ਹਨ। ਜਦ ਇਹ ਪਾਣੀ ਵਿੱਚ ਆਰਾਮ ਕਰਦੀ ਹੈ ਤਾਂ ਇਸਦੇ ਬੱਟੌਕਸ ਦੇ ਖੰਭ ਫੈਲ ਜਾਂਦੇ ਹਨ ਅਤੇ ਪੂਛ ਲੰਮੀ ਜਿਹੀ ਹੋ ਜਾਂਦੀ ਹੈ। ਇਸ ਦੇ ਖੰਭਾਂ ਦੀ ਰਚਨਾ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਇਹ ਇਹਨਾਂ ਦਾ ਉਪਯੋਗ ਪਾਣੀ ਤੋਂ ਹਵਾ ਵਿੱਚ ਆਉਣ ਲਈ ਕਰ ਸਕਦੀ ਹੈ। ਤਿਤਲੀ ਮੱਛੀ ਨੂੰ ਅਗਰ ਹੱਥ ਵਿੱਚ ਲਿਆ ਜਾਏ ਤਾਂ ਇਹ ਆਪਣੇ ਖੰਭ ਪੰਛੀਆਂ ਵਾਂਗ ਉਪਰ-ਹੇਠਾਂ ਕਰਦੀ ਹੈ, ਪ੍ਰੰਤੂ ਇਸਦੇ ਖੰਭ ਆਜ਼ਾਦ ਰੂਪ ਨਾਲ ਹਵਾ ਵਿੱਚ ਗਤੀ ਨਹੀਂ ਕਰ ਸਕਦੇ।

ਤਿਤਲੀ ਮੱਛੀ ਦਾ ਪ੍ਰਮੁੱਖ ਭੋਜਨ ਨਦੀਆਂ, ਤਾਲਾਬਾਂ ਅਤੇ ਝੀਲਾਂ ਵਿੱਚ ਪਾਏ ਜਾਣ ਵਾਲੇ ਛੋਟੇ-ਛੋਟੇ ਕੀੜੇ-ਮਕੌੜੇ ਹਨ। ਇਸਦੇ ਨਾਲ ਹੀ ਇਹ ਪਾਣੀ ਦੇ ਪਰਤ ਤੇ ਡਿਗਣ ਵਾਲੇ ਕੀੜੇ-ਮਕੌੜੇ ਵੀ ਖਾਂਦੀ ਹੈ। ਤਿਤਲੀ ਮੱਛੀ ਪਾਣੀ ਦੀ ਪਰਤ ਦੇ ਨੇੜੇ ਉਡੱਣ ਵਾਲੀਆਂ ਮੱਖੀਆਂ ਅਤੇ ਇਸ ਤਰ੍ਹਾਂ ਦੇ ਛੋਟੇ-ਛੋਟੇ ਜੀਵਾਂ ਨੂੰ ਬੜੀ ਸਰਲਤਾ ਨਾਲ ਫੜ ਲੈਂਦੀ ਹੈ ਅਤੇ ਖਾ ਜਾਂਦੀ ਹੈ। ਕੁਝ ਜੀਵ ਵਿਗਿਆਨਕਾਂ ਦਾ ਮਤ ਹੈ ਕਿ ਇਹ ਛੋਟੀਆਂ-ਛੋਟੀਆਂ ਮੱਛੀਆਂ ਦਾ ਵੀ ਸ਼ਿਕਾਰ ਕਰਦੀ ਹੈ।

ਤਿਤਲੀ ਮੱਛੀ ਦੇ ਆਂਡੇ ਬਹੁਤ ਹਲਕੇ ਹੁੰਦੇ ਹਨ ਅਤੇ ਮਾਦਾ ਦੇ ਸਰੀਰ ਵਿਚੋਂ ਨਿਕਲਦੇ ਹੀ ਪਾਣੀ ਦੀ ਪਰਤ ਤੇ ਆ ਜਾਂਦੇ ਹਨ ਅਤੇ ਤੈਰਦੇ ਰਹਿੰਦੇ ਹਨ। ਇਹਨਾਂ ਵਿਚੋਂ ਬੱਚੇ ਨਿਕਲਣ ਦਾ ਸਮਾਂ ਪਾਣੀ ਦੇ ਤਾਪਕ੍ਰਮ ਤੇ ਨਿਰਭਰ ਕਰਦਾ ਹੈ। ਆਮਤੌਰ ਤੇ ਇਹਨਾਂ ਆਂਡਿਆਂ ਲਈ 30 ਡਿਗਰੀ ਸੈਲੀਸੀਅਸ ਤਾਪਕ੍ਰਮ ਆਦਰਸ਼ ਹੁੰਦਾ ਹੈ। ਆਦਰਸ਼ ਤਾਪਕ੍ਰਮ ਤੇ ਤਿੰਨ ਦਿਨ ਵਿੱਚ ਆਂਡਿਆਂ ਦੇ ਛਿਲਕੇ ਫਟ ਜਾਂਦੇ ਹਨ ਅਤੇ ਇਹਨਾਂ ਵਿਚੋਂ ਤਿਤਲੀ ਮੱਛੀ ਦੇ ਛੋਟੇ-ਛੋਟੇ ਬੱਚੇ ਨਿਕਲ ਆਉਂਦੇ ਹਨ। ਤਿਤਲੀ ਮੱਛੀ ਦੇ ਆਂਡਿਆਂ ਦੇ ਵਾਂਗ ਹੀ ਇਸਦੇ ਬੱਚੇ ਵੀ ਪਾਣੀ ਦੀ ਪਰਤ ਤੇ ਤੈਰਦੇ ਹਨ ਅਤੇ ਇਹ ਜਨਮ ਲੈਂਦੇ ਹੀ ਭੋਜਨ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਦਾ ਪ੍ਰਮੁੱਖ ਭੋਜਨ ਸਪ੍ਰਿੰਗ ਟੇਲ, ਗ੍ਰੀਨਫਲਾਈ ਵਰਗੇ ਬਹੁਤ ਹੀ ਛੋਟੇ-ਛੋਟੇ ਕੀੜੇ-ਮਕੌੜੇ ਹਨ। ਤਿਤਲੀ ਮੱਛੀ ਦੇ ਬੱਚੇ ਕੁਝ ਸਮੇਂ ਬਾਅਦ ਵੱਡੇ ਹੋ ਜਾਂਦੇ ਹਨ ਅਤੇ ਆਮ ਤਿੱਤਲੀ ਮੱਛੀ ਵਾਂਗ ਜੀਵਨ ਆਰੰਭ ਕਰ ਦਿੰਦੇ ਹਨ।

ਤਿਤਲੀ ਮੱਛੀ ਨੂੰ ਏਕਵੇਰੀਅਮ ਵਿੱਚ ਰੱਖ ਕੇ ਪਾਲਤੂ ਬਣਾਇਆ ਜਾ ਸਕਦਾ ਹੈ ਪ੍ਰੰਤੂ ਇਸਦੇ ਲਈ ਡੂੰਘੇ ਪਾਣੀ ਵਾਲਾ ਬੜਾ ਏਕਵੇਰੀਅਮ ਹੋਣਾ ਚਾਹੀਦਾ ਹੈ। ਤਿਤਲੀ ਮੱਛੀ ਉਚੀ ਛਾਲ ਲਗਾਉਣ ਵਾਲੀ ਮੱਛੀ ਹੈ। ਏਕਵੇਰੀਅਮ ਦੇ ਉਪਰ ਢੱਕਣ ਹੋਣਾ ਵੀ ਬੜਾ ਜ਼ਰੂਰੀ ਹੈ। ਏਕਵੇਰੀਅਮ ਵਿੱਚ ਤਿਤਲੀ ਮੱਛੀ ਬੜੇ ਸ਼ੌਂਕ ਨਾਲ ਮੱਖੀਆਂ ਅਤੇ ਤਿੱਲਚੱਟੇ ਆਦਿ ਖਾਂਦੀ ਹੈ। ਇਹਨੂੰ ਪਾਲਣਾ ਕੋਈ ਕਠਿਨ ਕੰਮ ਨਹੀਂ ਹੈ। ਤਿੱਤਲੀ ਮੱਛੀ ਨੂੰ ਏਕਵੇਰੀਅਮ ਵਿੱਚ ਰੱਖਣ ਨਾਲ ਇਸਦੇ ਭੋਜਨ ਸੰਬੰਧੀ ਇਕ ਮਹੱਤਵਪੂਰਣ ਜਾਣਕਾਰੀ ਪ੍ਰਾਪਤ ਹੋਈ ਹੈ। ਤਿਤਲੀ ਮੱਛੀ ਮ੍ਰਿਤ-ਜੀਵਾਂ ਨੂੰ ਕਦੇ ਨਹੀਂ ਖਾਂਦੀ। ਇਹ ਜੀਵਿਤ ਕੀੜੇ-ਮਕੌੜਿਆਂ ਦਾ ਸ਼ਿਕਾਰ ਕਰਦੀ ਹੈ ਅਤੇ ਉਹਨਾਂ ਨੂੰ ਹੀ ਖਾਂਦੀ ਹੈ।

ਤੀਸਰੇ ਹਿੱਸੇ ਵਿੱਚ ਸਾਗਰਾਂ ਅਤੇ ਮਹਾਂਸਾਗਰਾਂ ਵਿੱਚ ਮਿਲਣ ਵਾਲੀ ਸ਼ਾਨਦਾਰ ਰੰਗ-ਬਿਰੰਗੀ ਫਰਿਸ਼ਤਾ ਮੱਛੀਆਂ ਆਉਂਦੀਆਂ ਹਨ। ਇਹ ਸਾਰੇ ਕੀਟੋਡੋਨਟੀਡਾਈ ਪਰਿਵਾਰ ਦੀਆਂ ਹਨ। ਇਹਨਾਂ ਨੂੰ ਸਮੁੰਦਰੀ ਤਿਤਲੀ ਮੱਛੀਆਂ ਵੀ ਕਿਹਾ ਜਾਂਦਾ ਹੈ। ਭਾਰਤ ਵਿੱਚ ਲਕਸ਼ਦੀਪ ਦੇ ਸਾਗਰ ਤੱਟਾਂ ਤੇ ਕੀਟੋਡੋਨ ਆਰਿਗਾ ਨਾਮਕ ਅਤੇ ਸਮੁੰਦਰੀ ਤਿਤਲੀ ਮੱਛੀ ਮਿਲਦੀ ਹੈ।

ਸਾਗਰਾਂ ਅਤੇ ਮਹਾਂਸਾਗਰਾਂ ਵਿੱਚ ਮਿਲਣ ਵਾਲੀ ਤਿਤਲੀ ਮੱਛੀ ਦੀਆਂ ਲਗਭਗ 150 ਜਾਤੀਆਂ ਹਨ। ਇਹ ਸਾਰੀਆਂ ਦੂਰ ਤੋਂ ਵੇਖਣ ਤੇ ਇਕੋ ਜਿਹੀਆਂ ਲੱਗਦੀਆਂ ਹਨ। ਇਹਨਾਂ ਦੀ

ਸਮਾਨਤਾ ਦਾ ਪ੍ਰਮੁੱਖ ਆਧਾਰ ਇਹਨਾਂ ਦਾ ਆਕਾਰ ਅਤੇ ਰੰਗ-ਬਿਰੰਗੇ ਖੰਭ ਹਨ। ਸਮੁੰਦਰੀ ਤਿੱਤਲੀ ਮੱਛੀ ਆਮਤੌਰ ਤੇ ਡੂੰਘੇ ਪਾਣੀ ਵਿੱਚ ਰਹਿੰਦੀ ਹੈ ਅਤੇ ਕਦੇ-ਕਦੇ ਭੰਵਰ ਵਿੱਚ ਚਲੀ ਜਾਂਦੀ ਹੈ। ਇਹ ਹਮੇਸ਼ਾ ਸਮੁੰਦਰੀ ਚਟਾਨਾਂ ਅਤੇ ਮੂੰਗੇ ਦੀਆਂ ਚਟਾਨਾਂ ਦੇ ਆਸ-ਪਾਸ ਜੋੜਿਆਂ ਵਿੱਚ ਜਾਂ ਛੋਟੇ-ਛੋਟੇ ਝੁੰਡਾਂ ਵਿੱਚ ਰਹਿਣਾ ਪਸੰਦ ਕਰਦੀ ਹੈ।

ਸਮੁੰਦਰੀ ਤਿਤਲੀ ਮੱਛੀ ਸੁੰਦਰ ਅਤੇ ਰੰਗ-ਬਿਰੰਗੀ ਹੁੰਦੀ ਹੈ। ਆਮ ਤੌਰ ਤੇ ਨੌਜਵਾਨ ਅਤੇ ਅਧ-ਖੜ ਸਮੁੰਦਰੀ ਤਿੱਤਲੀ ਮੱਛੀਆਂ ਦੇ ਰੰਗਾਂ ਵਿੱਚ ਐਨਾ ਫਰਕ ਹੁੰਦਾ ਹੈ ਕਿ ਇਹ ਅਲਗ-ਅਲਗ ਜਾਤੀਆਂ ਦੀਆਂ ਲੱਗਦੀਆਂ ਹਨ। ਸਮੁੰਦਰੀ ਤਿੱਤਲੀ ਮੱਛੀ ਦੀ ਉਮਰ ਦਾ ਇਸਦੇ ਵਿਵਹਾਰ ਤੇ ਵੀ ਸਿੱਧਾ ਪ੍ਰਭਾਵ ਪੈਂਦਾ ਹੈ। ਹਮੇਸ਼ਾਂ ਛੋਟੀ ਸਮੁੰਦਰੀ ਤਿਤਲੀ ਮੱਛੀ ਇੱਕਲੇ ਰਹਿਣਾ ਪਸੰਦ ਕਰਦੀ ਹੈ ਅਤੇ ਇੱਕਲੇ ਹੀ ਘੁੰਮਦੀ ਹੈ। ਨੌਜਵਾਨ ਸਮੁੰਦਰੀ ਤਿਤਲੀ ਮੱਛੀ ਵੀ ਇੱਕਲੇ ਹੀ ਘੁੰਮਦੀ ਹੈ ਪ੍ਰੰਤੂ ਇਹ ਇਕ ਸੁਰੱਖਿਅਤ ਸਥਾਨ ਤੇ ਬਾਕੀ ਮੱਛੀਆਂ ਨਾਲ ਨਿਸ਼ਚਿਤ ਰੂਪ ਵਿੱਚ ਮਿਲਦੀ ਹੈ। ਇਹ ਸਥਾਨ ਹਮੇਸ਼ਾਂ ਸਮੁੰਦਰੀ ਪੌਦਿਆਂ ਦੇ ਵਿਚਕਾਰ ਜਾਂ ਕਿਸੀ ਚਟਾਨ ਦੇ ਹੇਠਾਂ ਹੁੰਦਾ ਹੈ। ਅਗਰ ਇਹਨੂੰ ਸਾਗਰ ਦੀ ਤਲਹ ਤੇ ਕੋਈ ਟੀਨ ਦਾ ਡਿੱਬਾ ਆਦਿ ਪਿਆ ਮਿਲ ਜਾਏ ਤਾਂ ਇਹ ਉਹਨੂੰ ਵੀ ਆਪਣਾ ਸਥਾਨ ਬਣਾ ਸਕਦੀਆਂ ਹਨ।

ਸਮੁੰਦਰੀ ਤਿਤਲੀ ਮੱਛੀ ਦੀ ਸਰੀਰਕ ਰਚਨਾ ਬੜੀ ਆਕਰਸ਼ਿਕ ਹੁੰਦੀ ਹੈ। ਇਸ ਦੀਆਂ ਸਾਰੀਆਂ ਜਾਤੀਆਂ ਵਿੱਚ ਆਕਾਰ ਅਤੇ ਰੰਗ-ਰੂਪ ਦੀ ਵਿਭਿੰਨਤਾਂ ਵੇਖਣ ਨੂੰ ਮਿਲਦੀ ਹੈ, ਪ੍ਰੰਤੂ ਸਾਰੀਆਂ ਦੇ ਖੰਭ ਚਮਕੀਲੇ ਅਤੇ ਰੰਗ-ਬਿਰੰਗੇ ਹੁੰਦੇ ਹਨ। ਸਮੁੰਦਰੀ ਤਿਤਲੀ ਮੱਛੀ ਦੀਆਂ ਸਾਰੀਆਂ ਜਾਤੀਆਂ ਵਿੱਚ ਰਾਕ ਬਿਊਟੀ ਸਭ ਤੋਂ ਵੱਧ ਸੁੰਦਰ ਹੁੰਦੀ ਹੈ। ਇਸਦਾ ਅੱਗੇ ਦਾ ਹਿੱਸਾ ਕਾਲਾ ਅਤੇ ਸਰੀਰ ਦੇ ਪਿੱਛੇ ਦਾ ਹਿੱਸਾ ਪੀਲਾ ਹੁੰਦਾ ਹੈ। ਇਸਦੇ ਖੰਭ ਚਮਕੀਲੇ ਪੀਲੇ ਰੰਗ ਦੇ ਹੁੰਦੇ ਹਨ ਅਤੇ ਇਹਨਾਂ ਤੇ ਲਾਲ ਰੰਗ ਦੇ ਨਿਸ਼ਾਨ ਹੁੰਦੇ ਹਨ। ਇਹ ਬੜੀ ਜਿਗਿਆਸੂ ਪ੍ਰਵਿਰਤੀ ਦੀ ਹੁੰਦੀ ਹੈ। ਹਮੇਸ਼ਾਂ ਪਾਣੀ ਦੇ ਅੰਦਰ ਤੈਰਦੀ ਹੋਈ ਬਾਕੀ ਜੀਵਾਂ ਦੇ ਨੇੜੇ ਪਹੁੰਚ ਜਾਂਦੀ ਹੈ।

ਸਮੁੰਦਰੀ ਤਿਤਲੀ ਮੱਛੀ ਦੀਆਂ ਸੁੰਦਰ ਜਾਤੀਆਂ ਵਿੱਚ ਸ਼ਾਹੀ ਤਿਤਲੀ ਮੱਛੀ ਅਤੇ ਨੀਲੀ ਤਿਤਲੀ ਮੱਛੀ ਦੇ ਨਾਮ ਵੀ ਪ੍ਰਮੁੱਖ ਹਨ। ਇਹਨਾਂ ਦੇ ਸਰੀਰ ਦੇ ਰੰਗ ਬਹੁਤ ਹੀ ਚਮਕੀਲੇ ਹੁੰਦੇ ਹਨ। ਇਹਨਾਂ ਦੋਹਾਂ ਮੱਛੀਆਂ ਦਾ ਰੰਗ ਗੂੜਾ ਨੀਲਾ ਅਤੇ ਬੈਂਗਣੀ ਹੁੰਦਾ ਹੈ ਅਤੇ ਸਰੀਰ ਤੇ ਕਾਲੇ-ਸਫ਼ੇਦ ਨਿਸ਼ਾਨ ਹੁੰਦੇ ਹਨ। ਇਹ ਨਿਸ਼ਾਨ ਇਹਨਾਂ ਦੀਆਂ ਅੱਖਾਂ ਦੇ ਕੋਲ ਤਕ ਚਲੇ ਜਾਂਦੇ ਹਨ।

ਸਮੁੰਦਰੀ ਤਿਤਲੀ ਮੱਛੀ ਦੀਆਂ 150 ਤੋਂ ਅਧਿਕ ਜਾਤੀਆਂ ਦੀ ਖੋਜ ਕੀਤੀ ਜਾ ਚੁੱਕੀ ਹੈ। ਇਹਨਾਂ ਵਿੱਚ ਨਵੀਨਤਮ ਹੈ- ਬੌਨੀ ਤਿਤਲੀ ਮੱਛੀ। ਇਸਦੀ ਖੋਜ ਸੰਨ 1908 ਵਿੱਚ ਹੋਈ। ਸੰਨ 1908 ਵਿੱਚ ਬਰਮੂਡਾ ਦੇ ਨੇੜੇ ਦੇ ਸਾਗਰ ਵਿੱਚ 162 ਮੀਟਰ ਦੀ ਗਹਿਰਾਈ ਤੇ ਕੁਝ ਮੱਛੀਆਂ ਫੜੀਆਂ ਗਈਆਂ ਸਨ, ਉਹਨਾਂ ਵਿਚੋਂ ਇਕ ਬੌਨੀ ਤਿੱਤਲੀ ਮੱਛੀ ਵੀ ਸੀ।

ਫ੍ਰਾਂਸ ਦੇ ਸਾਗਰ ਤੱਟਾਂ ਤੇ ਮਿਲਣ ਵਾਲੀ ਫ੍ਰਾਂਸੀਸੀ ਤਿਤਲੀ ਮੱਛੀ ਦੇ ਸਰੀਰ ਦੀ ਬਨਾਵਟ ਅਤੇ ਰੰਗ ਬੜੇ ਵਿਲੱਖਣ ਹੁੰਦੇ ਹਨ। ਇਸਦੀ ਚਮੜੀ ਕਠੋਰ ਹੁੰਦੀ ਹੈ ਅਤੇ ਸਰੀਰ ਕਾਲੇ ਰੰਗ ਦਾ ਹੁੰਦਾ ਹੈ ਅਤੇ ਉਪਰ ਵੱਲ ਇਕ ਪੀਲੇ ਰੰਗ ਦਾ ਪੱਟਾ ਹੁੰਦਾ ਹੈ, ਜੋ ਦੋਹਾਂ ਖੰਭਾਂ ਦੇ ਹੇਠਾਂ ਤਕ ਚਲਾ ਜਾਂਦਾ ਹੈ। ਇਸਦੀਆਂ ਅੱਖਾਂ ਕਾਫੀ ਉਭਰੀਆਂ ਹੋਈਆਂ ਹੁੰਦੀਆਂ ਹਨ ਅਤੇ ਸਾਹਮਣੇ ਤੋਂ ਵੇਖਣ ਤੇ ਪੂਰਾ ਸਰੀਰ ਇਕ ਡਰਾਵਣੇ ਮਖੌਟੇ ਵਾਂਗ ਲੱਗਦਾ ਹੈ।

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਇੰਦਰਾ ਗਾਂਧੀ
2) ਮਹਾਤਮਾ ਗਾਂਧੀ
3) ਸੋਨੀਆ ਗਾਂਧੀ
4) ਕਸਤੂਰਬਾ ਗਾਂਧੀ
5) ਮਹਾਤਮਾ ਗਾਂਧੀ
6) ਅਵਧੀ
7) ਰਾਜੀਵ ਗਾਂਧੀ
8) ਰਤੌਧੀ
9) ਇੰਦਰਾ ਗਾਂਧੀ
10) ਸੀਮਾਂਤ ਗਾਂਧੀ
11) ਰਾਜੀਵ ਗਾਂਧੀ
12) ਮਹਾਤਮਾ ਗਾਂਧੀ
13) ਇੰਦਰਾ ਗਾਂਧੀ।

ਸੁੰਦਰਪਾਲ ਪ੍ਰੇਮੀ



# ਵਿਦਿਆ

ਅਗਿਆਨਤਾ ਦਾ ਹਨੇਰਾ ਭਜਾਉਂਦੀ ਹੈ ਵਿਦਿਆ।
ਦੀਪ ਗਿਆਨ ਦਾ ਜਗਾਉਂਦੀ ਹੈ ਵਿਦਿਆ।

ਸੌੜੀ ਸੋਚ ਤੋਂ ਮਨ ਹਟਾਉਂਦੀ ਹੈ ਵਿਦਿਆ,
ਵਿਸ਼ਾਲਤਾ ਦੇ ਰਾਹ ਪਾਉਂਦੀ ਹੈ ਵਿਦਿਆ।

ਭਾਈਚਾਰੇ ਦਾ ਪਾਠ ਪੜ੍ਹਾਉਂਦੀ ਹੈ ਵਿਦਿਆ,
ਜਿਉਂਣ ਦੀ ਕਲਾ ਸਿਖਾਉਂਦੀ ਹੈ ਵਿਦਿਆ।

ਨੇਕ ਇਨਸਾਨ ਬਣਾਉਂਦੀ ਹੈ ਵਿਦਿਆ,
ਊਂਟ-ਪਟਾਂਗ ਬੋਲਣੋਂ ਹਟਾਉਂਦੀ ਹੈ ਵਿਦਿਆ।

ਵਿਗਿਆਨ ਵਿਚ ਕ੍ਰਾਂਤੀ ਲਿਆਉਂਦੀ ਹੈ ਵਿਦਿਆ,
ਨਵੀਆਂ ਸੋਚਾਂ ਚ ਜਾਨ ਪਾਉਂਦੀ ਹੈ ਵਿਦਿਆ।


ਹਰ ਖੇਤਰ ਚ ਚਮਤਕਾਰ ਵਿਖਾਉਂਦੀ ਹੈ ਵਿਦਿਆ,
ਅਸਮਾਨ ਦੀ ਸੈਰ ਕਰਾਉਂਦੀ ਹੈ ਵਿਦਿਆ।

ਜ਼ਿੰਦਗੀ ਵਿਚ ਅਨੰਦ ਲਿਆਉਂਦੀ ਹੈ ਵਿਦਿਆ,
ਪ੍ਰੇਮੀ ਤੋਂ ਸੋਹਲੇ ਗਵਾਉਂਦੀ ਹੈ ਵਿਦਿਆ।



❐ ਕਹਾਣੀ : ਵਿਭਾ ਵਰਮਾ

# ਰੂਪ ਦਾ ਘਮੰਡ



ਚੰਪਕਵਨ ਵਿੱਚ ਇਕ ਬਾਰਾਂਸਿੰਗਾ ਸੋਨੂੰ ਰਹਿੰਦਾ ਸੀ। ਉਹਨੂੰ ਆਪਣੇ ਰੂਪ ਤੇ ਬਹੁਤ ਘਮੰਡ ਸੀ। ਉਸ ਦੀਆਂ ਸ਼ੈਤਾਨੀਆਂ ਨਾਲ ਚੰਪਕਵਨ ਦੇ ਸਾਰੇ ਜਾਨਵਰ ਬਹੁਤ ਪ੍ਰੇਸ਼ਾਨ ਰਹਿੰਦੇ ਸਨ। ਉਹ ਖੁਦ ਨੂੰ ਸਾਰੇ ਜਾਨਵਰਾਂ ਤੋਂ ਸੁੰਦਰ ਅਤੇ ਮਹਾਨ ਮੰਨਦਾ ਸੀ। ਜਦ ਵੀ ਉਹ ਨਦੀ ਦੇ ਕਿਨਾਰੇ ਤੋਂ ਗੁਜਰਦਾ, ਇਕ ਉਚੇ ਟਿੱਲੇ ਤੇ ਖੜਾ ਹੋ ਕੇ ਨਦੀ ਦੇ ਜਲ ਵਿੱਚ ਆਪਣੇ ਸੁੰਦਰ ਸਿੰਗਾਂ ਨੂੰ ਘੰਟਿਆਂ ਤਕ ਨਿਹਾਰਦਾ ਰਹਿੰਦਾ। ਸੋਨੂੰ ਸੋਚਦਾ - ਮੇਰੇ ਸਿੰਗ ਕਿੰਨੇ ਸੁੰਦਰ ਹਨ। ਮੈਂ ਹੀ ਇਥੋਂ ਦਾ ਸਭ ਤੋਂ ਸੁੰਦਰ ਪ੍ਰਾਣੀ ਹਾਂ।

ਇਕ ਵਾਰ ਨਦੀ ਦੇ ਜਲ ਵਿੱਚ ਸੋਨੂੰ ਰੋਜ ਦੀ ਤਰ੍ਹਾਂ ਆਪਣੇ ਸੁੰਦਰ ਰੂਪ ਨੂੰ ਨਿਹਾਰ ਰਿਹਾ ਸੀ, ਤਦੇ ਉਸਦੀ ਨਿਗਾਹ ਆਪਣੀਆਂ ਟੰਗਾਂ ਤੇ ਪੈ ਗਈ। ਉਹ ਆਪਣੇ ਭਦੇ ਪੈਰਾਂ ਨੂੰ ਵੇਖ ਕੇ ਉਦਾਸ ਹੋ ਗਿਆ। ਉਹ ਸੋਚਣ ਲੱਗਾ - ਕਾਸ਼! ਮੇਰੇ ਪੈਰ ਵੀ ਮੇਰੇ ਸਿੰਗਾਂ ਵਾਂਗ ਸੁੰਦਰ ਹੁੰਦੇ।


ਇਕ ਦਿਨ ਸੋਨੂੰ ਆਪਣੇ ਪੈਰਾਂ ਦੇ ਭੱਦੇਪਨ ਤੋਂ ਛੁਟਕਾਰਾ ਪਾਉਣ ਦਾ ਉਪਾਅ ਸੋਚ ਰਿਹਾ ਸੀ। ਉਪਾਅ ਸੋਚਣ ਵਿੱਚ ਉਹ ਐਨਾ ਗਵਾਚ ਗਿਆ ਕਿ ਆਸ-ਪਾਸ ਦੀ ਸੁੱਧ-ਬੁੱਧ ਵੀ ਨਾ ਰਹੀ।

ਤਦੇ ਉਹਨੂੰ ਆਪਣੇ ਪਿਛੇ ਕਿਸੇ ਜਾਨਵਰ ਦੇ ਹੋਣ ਦਾ ਅਹਿਸਾਸ ਹੋਇਆ। ਜਦ ਉਸ ਨੇ ਦੋਵੇਂ ਕੰਨ ਖੜੇ ਕਰਕੇ ਗਰਦਨ ਨੂੰ ਪਿਛੇ ਘੁਮਾ ਕੇ ਵੇਖਿਆ ਤਾਂ ਉਸਦੇ ਹੋਸ਼ ਉਡ ਗਏ। ਉਸ ਦੇ ਪਿਛੇ ਵਨਰਾਜ ਸ਼ੇਰਸਿੰਘ ਹਮਲਾ ਕਰਨ ਲਈ ਖੜਾ ਸੀ।

ਆਪਣੀ ਮੌਤ ਨੂੰ ਸਾਹਮਣੇ ਵੇਖ ਕੇ ਸੋਨੂੰ ਤੇਜ਼ੀ ਨਾਲ ਭੱਜਣ ਲੱਗਾ। ਸੋਨੂੰ ਨੂੰ ਭੱਜਦਾ ਵੇਖ ਕੇ ਸ਼ੇਰਸਿੰਘ ਨੇ ਵੀ ਉਸਦਾ ਪਿਛਾ ਕੀਤਾ। ਤਦ ਤਕ ਸੋਨੂੰ ਭੱਜਦੇ-ਭੱਜਦੇ ਸ਼ੇਰਸਿੰਘ ਤੋਂ ਕਾਫੀ ਅਗੇ ਨਿਕਲ ਗਿਆ। ਜਦ ਉਹ ਆਪਦੇ ਪੈਰਾਂ ਨਾਲ ਪੁਲਾਘਾਂ ਭਰਦਾ ਹੋਇਆ ਤੇਜ਼ੀ ਨਾਲ ਭੱਜ ਰਿਹਾ ਸੀ ਤਦੇ ਉਸ ਦੇ ਸਿੰਗ ਝਾੜੀਦਾਰ ਟਹਿਣੀਆਂ ਵਿੱਚ ਫਸ

ਗਏ। ਉਸ ਨੇ ਆਪਣੇ ਸਿੰਗਾਂ ਨੂੰ ਟਹਿਣੀਆਂ ਵਿੱਚੋਂ ਕੱਢਣ ਦਾ ਬਹੁਤ ਯਤਨ ਕੀਤਾ ਲੇਕਿਨ ਅਸਫਲ ਰਿਹਾ। ਤਦ ਤਕ ਸ਼ੇਰਸਿੰਘ ਪਿੱਛਾ ਕਰਦਾ ਹੋਇਆ ਉਸਦੇ ਬਹੁਤ ਨੇੜੇ ਆ ਚੁੱਕਾ ਸੀ।

ਸ਼ੇਰਸਿੰਘ ਨੂੰ ਆਪਣੇ ਨੇੜੇ ਵੇਖ ਕੇ ਸੋਨੂੰ ਨੇ ਆਪਣੇ ਸਿੰਗਾਂ ਨੂੰ ਛੁਡਾਉਣ ਲਈ ਆਪਣੇ ਪੈਰਾਂ ਨਾਲ ਟਹਿਣੀਆਂ ਨੂੰ ਦਬਾ ਕੇ ਜ਼ੋਰਦਾਰ ਝਟਕਾ ਦਿੱਤਾ। ਅਜਿਹਾ ਕਰਦੇ ਹੀ ਸਿੰਗ ਟਹਿਣੀਆਂ ਤੋਂ ਵੱਖ ਹੋ ਗਏ। ਸਿੰਗ ਛੁਟਦੇ ਹੀ ਉਹ ਦੌੜ ਕੇ ਇਕ ਟਿੱਲੇ ਦੇ ਦੂਸਰੇ ਪਾਸੇ ਮੌਜੂਦ ਸੰਘਣੇ ਜੰਗਲ ਵਿੱਚ ਲੁਕ ਗਿਆ ਅਤੇ ਆਪਣੀ ਜਾਨ ਬਚਾਈ।



ਸੋਨੂੰ ਨੇ ਮਨ ਹੀ ਮਨ ਸੋਚਿਆ ਕਿ ਮੇਰਾ ਇਹ ਵਿਚਾਰ ਕਿੰਨਾ ਗਲਤ ਸੀ ਕਿ ਮੇਰੇ ਪੈਰ ਭੱਦੇ ਹਨ। ਸੁੰਦਰ ਨਹੀਂ ਹਨ। ਅਗਰ ਅੱਜ ਮੇਰੇ ਪੈਰ ਸਾਥ ਨਾ ਦਿੰਦੇ ਤਾਂ ਮੈਂ ਸ਼ੇਰਸਿੰਘ ਦੇ ਪੇਟ ਵਿੱਚ ਚਲਾ ਹੀ ਗਿਆ ਹੁੰਦਾ। ਹੁਣ ਉਹਨੂੰ ਆਪਣੇ ਪੈਰਾਂ ਦਾ ਭੱਦਾਪਨ ਬੁਰਾ ਨਹੀਂ ਲੱਗਦਾ ਸੀ। ਉਹਨੂੰ ਇਸ ਸੱਚ ਦਾ ਗਿਆਨ ਹੋ ਗਿਆ ਸੀ ਕਿ ''ਮਹਾਨਤਾ ਦੀ ਕਸੌਟੀ ਕਰਮ ਹੈ ਨਾ ਕਿ ਸੁੰਦਰਤਾ।''

---

❑ ਪੁਸ਼ਪਾ ਅਰੋੜਾ

# ਉੱਡਣ ਵਾਲੀ ਛਿਪਕਲੀ



ਇਹ ਇਕ ਬਹੁਤ ਹੀ ਸੁੰਦਰ ਛਿਪਕਲੀ ਹੈ, ਜੋ ਜ਼ਿਆਦਾਤਰ ਰੁੱਖਾਂ ਤੇ ਰਹਿੰਦੀ ਹੈ। ਉਹ ਉਸ ਰੁੱਖ ਦੇ ਫੁੱਲਾਂ ਦੇ ਰੰਗਾਂ ਦੀ ਤਰ੍ਹਾਂ ਬਣੀ ਰਹਿੰਦੀ ਹੈ। ਇਹਨੂੰ ਡ੍ਰੇਕੋ ਬੋਲੈਂਨਸ ਵੀ ਕਹਿੰਦੇ ਹਨ। ਇਸਦੀ ਗਰਦਨ ਤੇ ਤਿੰਨ ਨਰਮ ਹੁਕ ਹੁੰਦੇ ਹਨ। ਦੇਹ ਵਿੱਚ ਪੰਜ ਜਾਂ ਛੇ ਲੰਮੀਆਂ ਪਸਲੀਆਂ ਹੁੰਦੀਆਂ ਹਨ, ਜੋ ਅਗਲੀਆਂ ਪਿਛਲੀਆਂ ਲੱਤਾਂ ਦੇ ਵਿਚਕਾਰ ਚੌੜੇ ਪੱਖੇ ਦੀ ਸ਼ਕਲ ਵਿੱਚ ਹੁੰਦੀਆਂ ਹਨ। ਪਸਲੀਆਂ ਦੇ ਉਠਾਉਣ ਨਾਲ ਉਹ ਫੈਲ ਜਾਂਦੀਆਂ ਹਨ ਅਤੇ ਖੱਲ ਨੂੰ ਖੰਭ ਵਰਗੇ ਪੈਰਾਸ਼ੂਟ ਦੇ ਰੂਪ ਵਿੱਚ ਫੈਲਾ ਦਿੰਦੀਆਂ ਹਨ। ਇਸ ਪੈਰਾਸ਼ੂਟ ਨਾਲ ਛਿਪਕਲੀ ਉਤਰਦੀ ਚਲੀ ਜਾਂਦੀ ਹੈ, ਲੇਕਿਨ ਇਹ ਉਡੱਦੀ ਨਹੀਂ। ਗਰਦਨ ਤੇ ਬਣੇ ਹੁੱਕ ਟਹਿਣੀਆਂ ਤੇ ਉਤਰਨ ਵਿੱਚ ਮਦਦ ਕਰਦੇ ਹਨ। ਇਹ ਕੀਟਭਖਸ਼ੀ ਹੁੰਦੀ ਹੈ।

ਰਣਜੀਤ ਆਜ਼ਾਦ

# ਖੱਟੇ ਅੰਗੂਰ



ਇਕ ਜੰਗਲ ਘਣਾ ਵਡੇਰਾ।
ਲੂੰਮੜੀ ਨੇ ਪਾਇਆ ਫੇਰਾ।
ਏਧਰ ਉਧਰ ਚੱਕਰ ਲਾਵੇ।
ਉਹਨੂੰ ਪੇਟ ਦੀ ਭੁੱਖ ਸਤਾਵੇ।

ਇਕ ਥਾਂ ਅੰਗੂਰ ਨਜ਼ਰੀ ਆਏ।
ਅੰਗੂਰ ਖਾਣ ਲਈ ਮਨ ਲਲਚਾਵੇ।
ਮੂੰਹ ਚੁੱਕ-ਚੁੱਕ ਗੁੱਛੇ ਵੱਲ ਦੇਖੇ।
ਕੱਦ ਆਵੇ ਨਾ ਵੇਲ ਦੇ ਮੇਚੇ।

ਏਧਰ ਉਧਰ ਛਾਲ ਲਗਾਈ।
ਉਹਦੇ ਹੱਥ ਵੇਲ ਨਾ ਆਈ।
ਹੱਥ ਪੈਰ ਉਸ ਬਹੁਤੇ ਮਾਰੇ।
ਅਸਫਲ ਰਹੇ ਸਭ ਸਹਾਰੇ।

ਅੰਤ ਅੱਕ-ਥੱਕ ਕੇ ਹੰਭੀ।
ਉਹਦੀ ਗਈ ਤਮੰਨਾ ਡੰਗੀ।
ਇਹ ਅੰਗੂਰ ਸਾਰੇ ਨੇ ਖੱਟੇ।
ਕਿਉਂ ਦੰਦ ਕਰਾਂ ਮੈਂ ਖੱਟੇ?

ਬੱਚਿਉ ! ਅਸਲ ਵਿਚ ਉਹ
ਅੰਗੂਰ ਨਹੀ ਸਨ ਖੱਟੇ।
ਅੰਗੂਰਾਂ ਤਕ ਨਾ ਪੁੱਜ ਸਕੀ
ਫਿਰ ਕਿੱਦਾਂ ਮਿੱਠੇ-ਖੱਟੇ?

ਜੇ ਕੰਮ ਆਪਣੇ ਕੋਲੋਂ ਨਾ ਹੋਵੇ
ਐਂਵੇਂ ਨਾ ਦੋਸ਼ ਕਿਸੇ ਨੂੰ ਦੇਈਏ।
ਇਸ ਗੱਲ ਵਿਚ ਖਮੋਸ਼ੀ ਕਾਹਦੀ
ਨਾ ਹੋਵੇ ਤਾਂ ਸੱਚ ਕਹਿ ਦੇਈਏ।



ਬਾਲ ਕਹਾਣੀ :
ਡਾ: ਸ਼ਾਮ ਮਨੋਹਰ

# ਸਭ ਤੋਂ ਚੰਗਾ

ਧਾਰਾ ਨਗਰੀ ਦੇ ਰਾਜਾ ਭੋਜ ਬੜੇ ਨਿਆਂਪ੍ਰੇਮੀ ਅਤੇ ਬੁੱਧੀਮਾਨ ਨਰੇਸ਼ ਸਨ। ਉਹਨਾਂ ਦੇ ਰਾਜ ਵਿੱਚ ਸਾਰੇ ਸੁਖੀ ਸਨ। ਉਹਨਾਂ ਦੇ ਦਰਬਾਰ ਵਿੱਚ ਅਨੇਕ ਗੁਣੀ ਅਤੇ ਵਿਦਵਾਨ ਸਨ। ਰਾਜਾ ਭੋਜ ਵਿਦਵਾਨਾਂ ਦਾ ਬਹੁਤ ਆਦਰ ਕਰਦੇ ਸਨ। ਉਹ ਹਰ ਸਾਲ ਨਵੇਂ-ਨਵੇਂ ਗੁਣੀ ਲੋਕਾਂ ਦੀ ਆਪਣੇ ਦਰਬਾਰ ਵਿੱਚ ਭਰਤੀ ਕਰਦੇ ਸਨ।

ਇਕ ਵਾਰ ਕਿਸੇ ਦੂਰ-ਦੇਸ਼ ਤੋਂ ਭਟਕਦਾ ਹੋਇਆ ਇਕ ਵਿਦਵਾਨ ਉਹਨਾਂ ਦੀ ਰਾਜਧਾਨੀ ਵਿੱਚ ਆ ਪਹੁੰਚਾ। ਉਹ ਨਿਰਧਨ ਸੀ। ਪ੍ਰੰਤੂ ਪੜ੍ਹਿਆ-ਲਿਖਿਆ ਸੀ। ਉਸ ਨੇ ਸੁਣਿਆ ਕਿ ਰਾਜਾ ਭੋਜ ਗੁਣੀ ਲੋਕਾਂ ਦਾ ਆਦਰ ਕਰਦੇ ਹਨ। ਇਸ ਲਈ ਉਹ ਆਪਣੀ ਕਿਸਮਤ ਅਜਮਾਉਣ ਲਈ ਰਾਜਾ ਭੋਜ ਦੇ ਦਰਬਾਰ ਵਿੱਚ ਆ ਪਹੁੰਚਾ ਸੀ।

ਉਸ ਸਮੇਂ ਰਾਜਾ ਭੋਜ ਆਪਣੇ ਮੰਤਰੀਆਂ ਦੇ ਨਾਲ ਸਲਾਹ-ਮਸ਼ਵਰਾ ਕਰ ਰਹੇ ਸਨ। ਰਾਜ ਦੇ ਕਰਮਚਾਰੀਆਂ ਨੇ ਵਿਦਵਾਨ ਨੂੰ ਰਾਜਾ ਭੋਜ ਦੇ ਕੋਲ ਪਹੁੰਚਾਇਆ। ਰਾਜੇ ਨੇ ਵਿਦਵਾਨ ਦਾ ਆਦਰ-ਸਤਿਕਾਰ ਕੀਤਾ ਅਤੇ ਆਉਣ ਦਾ ਕਾਰਨ ਪੁੱਛਿਆ।

ਵਿਦਵਾਨ ਨੇ ਕਿਹਾ- ਰਾਜਨ! ਮੈਂ ਕੌਸ਼ਲ ਦੇਸ਼ ਤੋਂ

ਆਇਆ ਹਾਂ। ਮੇਰਾ ਨਾਮ ਅਮਰਨਾਥ ਹੈ। ਕਾਂਸ਼ੀ ਵਿੱਚ ਮੈਂ ਵਿਦਿਆ ਗ੍ਰਹਿਣ ਕੀਤੀ ਹੈ। ਸੁਣਿਆ ਹੈ ਆਪ ਗੁਣੀ ਲੋਕਾਂ ਦਾ ਆਦਰ ਕਰਦੇ ਹੋ। ਇਸ ਲਈ ਮੈਂ ਆਪ ਦੀ ਸੇਵਾ ਵਿੱਚ ਆਇਆ ਹਾਂ।

ਰਾਜਾ ਭੋਜ ਨੇ ਕਿਹਾ - ਪਹਿਲਾਂ ਮੈਂ ਆਪ ਤੋਂ ਚਾਰ ਪ੍ਰਸ਼ਨ ਪੁੱਛਾਂਗਾ। ਸਹੀ ਉੱਤਰ ਮਿਲਣ ਤੇ ਆਪ ਨੂੰ ਦਰਬਾਰ ਵਿੱਚ ਲਿਆ ਜਾਏਗਾ।

ਰਾਜਾ ਭੋਜ ਨੇ ਪਹਿਲਾ ਪ੍ਰਸ਼ਨ ਕੀਤਾ- ਦੁੱਧ ਕਿਸ ਦਾ ਚੰਗਾ ਹੁੰਦਾ ਹੈ?

ਵਿਦਵਾਨ ਨੇ ਉੱਤਰ ਦਿਤਾ- ਮਾਂ ਦਾ ਦੁੱਧ ਚੰਗਾ ਹੁੰਦਾ ਹੈ ਜੋ ਸਾਨੂੰ ਪ੍ਰਾਣਦਾਨ ਦਿੰਦਾ ਹੈ।

ਰਾਜਾ ਭੋਜ ਨੇ ਦੂਸਰਾ ਪ੍ਰਸ਼ਨ ਕੀਤਾ - ਪੱਤਾ ਕਿਸ ਦਾ ਚੰਗਾ ਹੁੰਦਾ ਹੈ?

ਵਿਦਵਾਨ ਨੇ ਥੋੜਾ ਵਿਚਾਰ ਕਰਕੇ ਕਿਹਾ - ਪੱਤਾ ਪਾਨ ਦਾ ਚੰਗਾ ਹੁੰਦਾ ਹੈ ਜਿਸ ਨੂੰ ਰਾਜਾ, ਅਮੀਰ, ਗਰੀਬ ਸਭ ਖਾਂਦੇ ਹਨ ਅਤੇ ਸਾਰਿਆਂ ਨੂੰ ਉਸ ਤੋਂ ਇਕੋ ਜਿਹਾ ਲਾਲ ਰੰਗ ਮਿਲਦਾ ਹੈ।

ਰਾਜਾ ਭੋਜ ਨੇ ਤੀਸਰਾ ਪ੍ਰਸ਼ਨ ਕੀਤਾ - ਫੁੱਲ ਕਿਸ ਦਾ ਚੰਗਾ ਹੁੰਦਾ ਹੈ?

ਵਿਦਵਾਨ ਨੇ ਸੋਚ ਕੇ ਕਿਹਾ - ਮਹਾਰਾਜ! ਫੁੱਲ ਕਪਾਹ ਦਾ ਚੰਗਾ ਹੁੰਦਾ ਹੈ ਜੋ ਸਾਨੂੰ ਕਪੜਾ ਦਿੰਦਾ ਹੈ, ਜਿਸ ਨਾਲ ਅਸੀਂ ਸਰੀਰ ਢੱਕਦੇ ਹਾਂ।

ਰਾਜਾ ਨੇ ਆਖਰੀ ਪ੍ਰਸ਼ਨ ਕੀਤਾ - ਮਿਠਾਸ ਕਿਸ ਦੀ ਚੰਗੀ ਹੁੰਦੀ ਹੈ?

ਵਿਦਵਾਨ ਨੇ ਉੱਤਰ ਦਿੱਤਾ - ਮਹਾਰਾਜ! ਮਿਠਾਸ ਬਾਣੀ ਦੀ ਸਭ ਤੋਂ ਚੰਗੀ ਹੁੰਦੀ ਹੈ ਜੋ ਹਰ ਇਕ ਨੂੰ ਆਪਣੇ ਵਸ਼ ਵਿੱਚ ਰੱਖਣ ਦੀ ਤਾਕਤ ਰੱਖਦੀ ਹੈ। ਮਿੱਠੀ ਬਾਣੀ ਦਾ ਅਸਰ ਤੁਰੰਤ ਹੁੰਦਾ ਹੈ।

ਰਾਜਾ ਭੋਜ ਪ੍ਰਸ਼ਨਾਂ ਦੇ ਤਰਕ-ਭਰਪੂਰ ਸਹੀ ਉੱਤਰ ਸੁਣ ਕੇ ਬੜੇ ਖੁਸ਼ ਹੋਏ ਅਤੇ ਖੁਸ਼ ਹੋ ਕੇ ਉਹਨਾਂ ਨੇ ਵਿਦਵਾਨ ਨੂੰ ਕਾਫੀ ਧਨ ਦਿੱਤਾ ਅਤੇ ਦਰਬਾਰ ਵਿੱਚ ਰੱਖ ਲਿਆ।

ਪਿਆਰੇ ਬੱਚਿਓ! ਜਿਹੜੇ ਰਾਜ ਵਿੱਚ ਵਿਦਵਾਨਾਂ ਦਾ ਸਨਮਾਨ ਹੁੰਦਾ ਹੈ ਉਹੀ ਰਾਜ ਅਤੇ ਰਾਜਾ ਸੰਪੰਨ ਅਤੇ ਇਤਿਹਾਸਕ ਹੋ ਜਾਂਦੇ ਹਨ। ■

❐ ਜਗਤਾਰ 'ਚਮਨ'

# ਮਾਂ

ਮਾਂ ਹੈ ਮੇਰੀ ਬੜੀ ਪਿਆਰੀ।
ਸਾਰੀ ਦੁਨੀਆਂ ਤੋਂ ਹੈ ਨਿਆਰੀ।

ਇਸ ਨੇ ਸਾਨੂੰ ਦੁਨੀਆ ਦਿਖਾਈ।
ਕਦੇ ਨਾ ਇਸ ਨੂੰ ਦਿਲੋਂ ਭੁਲਾਈਂ।

ਗੋਦ ਹੈ ਇਸ ਦੀ ਜਨਤ ਛਾਇਆ।
ਇਸ ਚੋਂ ਦਿਸਦੀ ਰੱਬ ਦੀ ਕਾਇਆ।


ਮਾਂ ਦਾ ਕਰੀਏ ਸਭ ਸਤਿਕਾਰ।
ਸਾਡੇ ਤੇ ਇਸ ਦੇ ਬੜੇ ਉਪਕਾਰ।

ਹੱਟੀਆਂ ਤੋਂ ਨਹੀਂ ਮਾਂ ਮਿਲਣੀ ਯਾਰ।
ਇਸ ਦੀ ਪੂਜਾ ਕਰ 'ਜਗਤਾਰ' ।





# ਰੰਗ ਭਰੋ






ਨਾਂ ........................................................................ਉਮਰ..........

ਪੂਰਾ ਪਤਾ........................................................................

..............................................................................................

..............................................................................................

# ਦਸੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਹਰਸੂਲ (ਉਮਰ 7 ਸਾਲ)
ਪਿੰਡ ਤੇ ਡਾਕਖਾਨਾ - ਕਲਿਆਣਪੁਰ
ਜਿਲਾ - ਜਲੰਧਰ (ਪੰਜਾਬ)

**ਦੂਸਰਾ ਨੰ :**

ਵੰਸ਼ਿਕਾ (ਉਮਰ 10 ਸਾਲ)
ਗੋਲ ਮਾਰਕੀਟ
ਪਿੰਡ ਤੇ ਡਾਕਖਾਨਾਂ - ਬੁਢਲਾਡਾ
ਜ਼ਿਲਾ ਮਾਨਸਾ (ਪੰਜਾਬ)

**ਤੀਸਰਾ ਨੰ :**

ਹੈਵਨ -ਸੁਮਨ (ਉਮਰ 8 ਸਾਲ)
ਹਾਊਸ ਨੰ: 144
ਗੁਰੂ ਹਰਗੋਬਿੰਦ ਨਗਰ, ਫਗਵਾੜਾ
ਜ਼ਿਲਾ - ਕਪੂਰਥਲਾ (ਪੰਜਾਬ)



## ਪਸੰਦ ਕੀਤੇ ਗਏ -

ਗੁਰਲਾਲ ਸਿੰਘ (ਹੀਰੋਂ ਖੁਰਦ),
ਏਕਤਾ (ਹਰੀਕੇ ਪੱਤਣ),
ਸੁਨੀਤਾ (ਨਵਾਂ ਸ਼ਹਿਰ),
ਜਸਨੂਰਪ੍ਰੀਤ (ਜਗਰਾਉਂ),
ਮੋਹਿਤ (ਤਲਵੰਡੀ ਭਾਈ),
ਸੁਖਪ੍ਰੀਤ ਸਿੰਘ (ਮਾਨਸਾ),
ਸਿਮਰਨ ਕੌਰ (ਧਰਮਪੁਰਾ),
ਸਰਬਜੀਤ ਕੌਰ (ਜਗਰਾਉਂ),
ਤੇਜਲ ਅਰੋੜਾ (ਮੋਗਾ),
ਵਿਸ਼ਵਪ੍ਰੀਤ ਸਿੰਘ (ਅਮਰਾਲੀ),
ਸਿਮਰਨਜੀਤ (ਭਾਦਲਾ ਨੀਚਾ),
ਅਨੁਰਾਜਦੀਪ ਸਿੰਘ (ਖਾਨਪੁਰ),
ਸਿਮਰਨ ਸਿੰਘ (ਦਰੋਗੇਵਾਲ),
ਭਵਿਤਾ (ਚਵਿੰਡਾਦੇਵੀ),
ਵਿਧਿਤ ਬਜਾਜ (ਖੁਸ਼ਹਾਲਪੁਰ),
ਸ਼ੁਭਮ (ਪੁਰਹੀਰਾ),
ਯਸ਼ਿਕਾ ਭੋਲਾ (ਡੇਰਾ ਬਾਬਾ ਨਾਨਕ),
ਨਿਤਿਨ ਕੰਡਾ (ਤਲਵੰਡੀ ਭਾਈ),
ਸੁਦੀਕਸ਼ਾ (ਰੂਪ ਨਗਰ),
ਗੁਰਲੀਨ ਕੌਰ (ਡੱਫਰ),
ਅਮ੍ਰਿਤ ਖੁਰਾਨਾ (ਜਲੰਧਰ),
ਅਨੰਨਿਆ ਗਰਗ (ਲਹਿਰਾਗਾਗਾ)

## ਫਰਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਫਰਵਰੀ 2019 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਪ੍ਰੈਲ 2019 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਅਵਤਾਰ ਸਿੰਘ ਸੰਧੂ

# ਸੋਨੂੰ ਦੀ ਚਲਾਕੀ



ਇੱਕ ਦਿਨ ਸੋਨੂੰ ਦੌੜ੍ਹਿਆ-ਦੌੜ੍ਹਿਆ,
ਦਾਦਾ ਜੀ ਕੋਲ ਆਇਆ।

ਦਾਦਾ ਜੀ ਦਾ ਹੱਥ ਫੜ ਕੇ,
ਉਸ ਇੱਕ ਸਵਾਲ ਸੀ ਪਾਇਆ।

ਦਾਦਾ ਜੀ ! ਕਿੱਥੇ ਦੰਦ ਤੁਹਾਡੇ,
ਮੈਨੂੰ ਜਰਾ ਦਿਖਾਉ।

ਮਿੱਤਰਾਂ ਨਾਲ ਮੈਂ ਖੇਡਣ ਜਾਣਾ,
ਦੇਰ ਜਰਾ ਨਾ ਲਾਉ।

ਪੁੱਤਰ ਜੀ ! ਮੈਂ ਦੰਦ ਕੱਢ ਆਪਣੇ,
ਡੱਬੇ ਵਿੱਚ ਟਿਕਾਏ।

ਲੋੜ ਨਹੀਂ ਕੁੱਝ ਖਾਣ ਪੀਣ ਦੀ,
ਤੇਰੀ ਦਾਦੀ ਨੂੰ ਫੜਾਏ।

ਸਾਂਭੋ ਮੇਰੇ ਬਦਾਮ ਤੇ ਸੌਗੀ,
ਮੈਂ ਖੇਡਣ ਹੈ ਜਾਣਾ।

ਜਦ ਤੱਕ ਮੈਂ ਨਹੀਂ ਮੁੜ ਕੇ ਆਉਂਦਾ,
ਬਸ ਗਿਣਦੇ ਹੀ ਜਾਣਾ।

ਕਹਾਣੀ : ਘਣਸ਼ਿਆਮ

# ਚਾਰ ਚੂਹੇ

ਇਕ ਪਹਾੜ ਸੀ। ਉਸ ਤੇ ਤਰ੍ਹਾਂ-ਤਰ੍ਹਾਂ ਦੇ ਰੁੱਖ ਉਗੇ ਸਨ। ਰੁੱਖਾਂ ਦੇ ਵਿੱਚ ਇਕ ਗੁਫਾ ਸੀ। ਗੁਫ਼ਾ ਦੇ ਉਪਰ ਇਕ ਝਰਨਾ ਵਹਿੰਦਾ ਸੀ। ਉਸਦਾ ਪਾਣੀ ਚੰਗਾ ਸੀ। ਪੱਥਰਾਂ ਤੋਂ ਨਿਕਲਿਆ ਸਾਫ਼ ਪਾਣੀ ਬਹੁਤ ਹੀ ਠੰਡਾ ਸੀ।

ਗੁਫਾ ਵਿੱਚ ਚਾਰ ਚੂਹੇ ਰਹਿੰਦੇ ਸਨ। ਇਧਰ-ਉਧਰ ਘੁੰਮਦੇ ਰਹਿੰਦੇ ਸਨ। ਜ਼ਮੀਨ ਖੋਦ-ਖੋਦ ਕੇ ਘਰ ਬਣਾਉਂਦੇ। ਗੁਫ਼ਾ ਹੀ ਉਹਨਾਂ ਦਾ ਘਰ ਸੀ। ਰੁੱਖਾਂ ਤੋਂ ਫਲ ਖਾਂਦੇ ਅਤੇ ਉਪਰ ਜਾ ਕੇ ਝਰਨੇ ਦਾ ਪਾਣੀ ਪੀਂਦੇ। ਇਧਰ-ਉਧਰ ਦੌੜਦੇ ਅਤੇ ਮਜੇ ਨਾਲ ਰਹਿੰਦੇ।


ਇਕ ਦਿਨ ਇਕ ਬਾਘ ਆਇਆ। ਉਸਨੇ ਗੁਫ਼ਾ ਵੇਖੀ। ਆਸ-ਪਾਸ ਦੇ ਰੁੱਖ ਵੇਖੇ। ਗੁਫਾ ਤੋਂ ਥੋੜੀ ਦੂਰ ਝਰਨਾ ਵੇਖਿਆ। ਉਹਨੂੰ ਗੁਫਾ ਬਹੁਤ ਹੀ ਚੰਗੀ ਲੱਗੀ। ਉਹ ਉਥੇ ਰਹਿਣ ਲੱਗਾ।

ਚੂਹਿਆਂ ਦਾ ਘਰ ਬਾਘ ਨੇ ਘੇਰ ਲਿਆ। ਚੂਹੇ ਬੇਘਰ ਹੋ ਗਏ। ਉਹਨਾਂ ਦੀ ਰਾਤ-ਦਿਨ ਦੀ ਭੱਜ-ਦੌੜ ਬੰਦ ਹੋ ਗਈ। ਬਾਘ ਉਹਨਾਂ ਦੇ ਇਥੇ-ਉਥੇ ਅੱਗੇ ਆਉਣ ਲੱਗਾ।

ਅਖੀਰ ਉਹਨਾਂ ਨੇ ਬਾਘ ਨੂੰ ਕਿਹਾ - ਅਸੀਂ ਇਸ ਗੁਫਾ ਵਿੱਚ ਕਈ ਦਿਨਾਂ ਤੋਂ ਰਹਿ ਰਹੇ ਹਾਂ। ਇਹ ਸਾਡਾ ਘਰ ਹੈ। ਇਸ ਲਈ ਆਪ ਦੂਸਰੇ ਘਰ ਵਿੱਚ ਜਾਉ ਤਾਂ ਠੀਕ ਰਹੇਗਾ। ਇਸ ਨਾਲ ਅਸੀਂ ਆਪਣੇ ਘਰ ਵਿੱਚ ਆਰਾਮ ਨਾਲ ਰਹਿ ਸਕਾਂਗੇ।

ਪਰ ਬਾਘ ਕਿਉਂ ਮੰਨੇ? ਉਸ ਨੇ ਤਾਂ ਚੂਹਿਆਂ ਵੱਲ ਵੇਖਿਆ ਤਕ ਨਹੀਂ। ਗੁਫਾ ਵਿੱਚ ਰਹਿਣਾ ਚਾਲੂ ਰੱਖਿਆ।

ਗੁਫ਼ਾ ਵਿੱਚ ਬਾਘ ਰਹਿੰਦਾ ਸੀ। ਚੂਹੇ ਉਸ ਵਿੱਚ ਆਉਂਦੇ ਵੀ ਕਿਵੇਂ? ਵਿਚਾਰੇ ਚੂਹੇ ਗੁਫਾ ਦੇ ਬਾਹਰ ਨਿਕਲ ਗਏ। ਉਹ ਸੋਚਣ ਲੱਗੇ ਕਿ ਬਾਘ ਨੇ ਸਾਡਾ ਘਰ ਲੈ



ਲਿਆ ਹੈ। ਹੁਣ ਇਹਨੂੰ ਬਾਹਰ ਕਿਵੇਂ ਕੱਢੀਏ? ਤਾਕਤ ਵਿੱਚ ਬਾਘ ਸਾਡੇ ਤੋਂ ਬਹੁਤ ਜ਼ਿਆਦਾ ਤਾਕਤਵਰ ਹੈ।

ਚੂਹੇ ਰੋਜ ਸੋਚਦੇ ਪਰ ਹੱਲ ਨਹੀਂ ਨਿਕਲਦਾ। ਆਖਿਰ ਇਕ ਚੂਹੇ ਨੂੰ ਚੰਗਾ ਵਿਚਾਰ ਆਇਆ। ਸਾਰੇ ਚੂਹੇ ਉਸ ਨਾਲ ਸਹਿਮਤ ਹੋ ਗਏ।

ਉਸ ਨੇ ਦੂਸਰੇ ਚੂਹਿਆਂ ਨੇ ਕਿਹਾ – ਗੁਫਾ ਦੇ ਉਪਰ ਇਕ ਝਰਨਾ ਹੈ। ਉਸਦਾ ਪਾਣੀ ਠੰਡਾ ਹੈ। ਅਸੀਂ ਗੁਫਾ ਨੂੰ ਇਸ ਤਰ੍ਹਾਂ ਨਾਲ ਖੋਦਦੇ ਰਹੀਏ ਕਿ ਗੁਫਾ ਵਿੱਚ ਇਕ ਸੁਰਾਖ ਹੋ ਜਾਵੇ। ਫਿਰ ਜਿਵੇਂ ਹੀ ਝਰਨੇ ਦਾ ਠੰਡਾ ਪਾਣੀ ਗੁਫਾ ਵਿੱਚ ਜਾਏਗਾ ਤਾਂ ਬਾਘ ਠੰਡ ਵਿੱਚ ਬਾਹਰ ਹੋ ਜਾਏਗਾ।


ਚੂਹੇ ਤੁਰੰਤ ਹੀ ਖੋਦਣ ਵਿੱਚ ਲੱਗ ਗਏ। ਗੁਫਾ ਦੇ ਉਪਰ ਉਹਨਾਂ ਨੇ ਇਕ ਸੁਰਾਖ ਕਰਨ ਦੀ ਸ਼ੁਰੂਆਤ ਕੀਤੀ। ਉਹ ਕੁਝ ਦਿਨਾਂ ਵਿੱਚ ਪਹੁੰਚ ਗਏ ਝਰਨੇ ਤਕ। ਠੰਡਾ ਪਾਣੀ ਸੁਰਾਖ ਰਾਹੀਂ ਗੁਫਾ ਵਿੱਚ ਭਰਨ ਲੱਗਾ।

ਪਾਣੀ ਪਹਿਲਾਂ ਬਾਘ ਦੇ ਪੈਰਾਂ ਤਕ, ਫਿਰ ਗੋਡਿਆਂ ਤਕ ਆਇਆ। ਬਾਘ ਨੇ ਵੇਖਿਆ ਕਿ ਪਾਣੀ ਬਹੁਤ ਠੰਡਾ ਸੀ। ਪਾਣੀ ਨਾਲ ਬਾਘ ਥਰ-ਥਰ ਕੰਬਣ ਲੱਗਾ।

ਪਾਣੀ ਗੁਫਾ ਵਿੱਚ ਬਹੁਤ ਜ਼ਿਆਦਾ ਵਧ ਰਿਹਾ ਸੀ। ਬਾਘ ਨੇ ਛਲਾਂਘ ਮਾਰੀ ਅਤੇ ਜੰਗਲ ਵੱਲ ਭੱਜ ਗਿਆ।

ਫਿਰ ਚੂਹੇ ਹੱਸਦੇ-ਹੱਸਦੇ ਝਰਨੇ ਤਕ ਗਏ। ਉਥੇ ਉਹਨਾਂ ਨੇ ਇਕ ਪੱਥਰ ਰੱਖ ਕੇ ਸੁਰਾਖ ਬੰਦ ਕਰ ਦਿਤਾ। ਇਸ ਦੇ ਬਾਦ ਚੂਹੇ ਆਪਣੇ ਘਰ ਵਿੱਚ ਆਰਾਮ ਨਾਲ ਰਹਿਣ ਲੱਗੇ।

ਅੱਜ ਵੀ ਜਦ ਉਹ ਚਰਚਾ ਕਰਦੇ ਹਨ ਕਿ ਬਾਘ ਨੂੰ ਕਿਵੇਂ ਭਜਾਇਆ ਸੀ ਤਾਂ ਚਾਰੇ ਚੂਹੇ ਤਾੜੀ ਵਜਾ ਕੇ ਮਸਤੀ ਨਾਲ ਹੱਸਦੇ ਹਨ।



# ਕਦੇ ਨਾ ਭੁੱਲੋ

* ਜਿਵੇਂ ਫਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਪੰਛੀ ਖੇਤ ਵਿਚੋਂ ਉਡੱ ਜਾਂਦੇ ਹਨ ਜਦ ਕਿਸਾਨ ਦੋਹਾਂ ਹੱਥਾਂ ਨਾਲ ਤਾਲੀ ਵਜਾਉਂਦਾ ਹੈ ਇਵੇਂ ਜੀਵਨ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਹਿਮ-ਭਰਮ-ਪਾਖੰਡ ਜ਼ਿੰਦਗੀ ਵਿਚੋਂ ਉਡੱ ਜਾਂਦੇ ਹਨ ਜਦ ਸਤਿਗੁਰੂ ਦੋਹਾਂ ਤਲੀਆਂ ਨਾਲ ਬ੍ਰਹਮਗਿਆਨ ਦਿੰਦਾ ਹੈ।

(ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ)

* ਅੱਜ ਇਨਸਾਨ ਅਸਹਿਨਸ਼ੀਲਤਾ, ਘ੍ਰਿਣਾ ਅਤੇ ਨਫਰਤ ਦੇ ਕਾਰਨ ਪੱਤਨ ਵਲ ਜਾ ਰਿਹਾ ਹੈ।
* ਅਗਿਆਨਤਾ ਤੋਂ ਛੁਟਕਾਰਾ ਪਾਉਣਾ ਹੈ ਤਾਂ ਬ੍ਰਹਮਗਿਆਨ ਦੀ ਰੋਸ਼ਨੀ ਜੀਊਣਾ ਪਵੇਗਾ।
* ਸੰਸਾਰ ਵਿਚ ਰਹਿੰਦੇ ਹੋਏ ਧਿਆਨ ਸਰਵਵਿਆਪਕ ਅਤੇ ਸਰਵਸ਼ਕਤੀਮਾਨ ਨਿਰੰਕਾਰ-ਪ੍ਰਭੂ ਨਾਲ ਜੁੜਿਆ ਰਹਿਣਾ ਚਾਹੀਦਾ ਹੈ।

(ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ)

* ਜਿਵੇਂ-ਜਿਵੇਂ ਅਸੀਂ ਸਿਮਰਨ ਕਰਦੇ ਜਾਵਾਂਗੇ ਸਾਡੀ ਆਤਮਾ ਬਲਵਾਨ ਹੁੰਦੀ ਜਾਵੇਗੀ।

(ਨਿਰੰਕਾਰੀ ਬਾਬਾ ਗੁਰਬਚਨ ਸਿੰਘ ਜੀ)

* ਮਹਾਪੁਰਸ਼ੋ ! ਤੁਸੀਂ ਐਸੇ ਕਿਸੇ ਵੀ ਵਿਅਕਤੀ ਦੀ ਭੁੱਲ ਕੇ ਵੀ ਸੰਗਤ ਨਹੀ ਕਰਨੀ ਜਿਸ ਨੂੰ ਸਤਿਗੁਰੂ ਦਾ ਡਰ ਨਹੀਂ ਕਿਉਂਕਿ ਐਸੀ ਸੰਗਤ ਬਹੁਤ ਬੁਰਾ ਪ੍ਰਭਾਵ ਪਾਉਂਦੀ ਹੈ।

(ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ)

* ਭੂਤ (ਗੁਜ਼ਰਿਆ ਹੋਇਆ ਸਮਾਂ) ਦੇ ਬਾਰੇ ਵਿੱਚ ਪਛਤਾਵਾ ਨਾ ਕਰੋ, ਭਵਿੱਖ ਦੇ ਬਾਰੇ ਵਿੱਚ ਚਿੰਤਾ ਨਾ ਕਰੋ, ਵਿਵੇਕਵਾਨ ਵਿਅਕਤੀ ਹਮੇਸ਼ਾਂ ਵਰਤਮਾਨ ਵਿੱਚ ਜਿਉਂਦੇ ਹਨ।

(ਚਾਣਕਯ)

* ਆਤਮਵਿਸ਼ਵਾਸ਼ ਸਫਲਤਾ ਦਾ ਮੁੱਖ ਰਾਜ ਹੈ।
* ਮਨੁੱਖ ਦੇ ਮਨ ਵਿੱਚ ਸੰਤੋਖ ਹੋਣਾ ਸਵਰਗ ਦੀ ਪ੍ਰਾਪਤੀ ਤੋਂ ਵੀ ਵਧ ਕੇ ਹੈ। ਸੰਤੋਖ ਸਭ ਤੋਂ ਵੱਡਾ ਸੁੱਖ ਹੈ। ਇਸ ਤੋਂ ਵੱਡਾ ਸੰਸਾਰ ਵਿੱਚ ਕੁਝ ਵੀ ਨਹੀਂ ਹੈ।

(ਵੇਦਵਿਆਸ)

* ਜੀਵਨ ਦਾ ਸੁੱਖ ਦੂਸਰਿਆਂ ਨੂੰ ਸੁਖੀ ਕਰਨ ਵਿੱਚ ਹੈ, ਉਹਨਾਂ ਨੂੰ ਲੁੱਟਣ ਵਿੱਚ ਨਹੀਂ।

(ਪ੍ਰੇਮਚੰਦ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❑ ਸੁਨੀਤ ਕੌਰ








# ਸੁਣੋ ਵੱਖ-ਵੱਖ ਆਵਾਜ਼ਾਂ




ਕਾਂ - ਕਾਂ-ਕਾਂ

ਵੱਛਾ - ਬਾਂ-ਬਾਂ

ਮੱਖੀ - ਭਿੰਨ-ਭਿੰਨ

ਘੋੜਾ - ਹਿੰਨ-ਹਿੰਨ

ਚੂਹਾ - ਚੈਂ-ਚੈਂ

ਬੱਕਰੀ - ਮੈਂ-ਮੈਂ

ਮੋਰ - ਕਿਆਊਂ-ਕਿਆਊਂ

ਬਿੱਲੀ - ਮਿਆਊਂ-ਮਿਆਊਂ

ਕੁੱਕੜ - ਕੁੱਕੜੂੰ-ਕੂੰ

ਕਬੂਤਰ - ਗੁਟਰ-ਗੂੰ

ਬਾਂਦਰ - ਖੁਰਰ-ਖੁਰਰ

ਡੱਡੂ- ਟਰਰ-ਟਰਰ

ਕੁੱਤਾ - ਭੌਂ-ਭੌਂ

ਮੋਟਰ - ਪੋਂ-ਪੋਂ




ਜਾਣਕਾਰੀ : ਕਮਲ ਸੌਗਾਨੀ

# ਗਜਬ ਹੈ ਚਿੜੀ

ਸਾਡੇ ਨੇੜੇ-ਤੇੜੇ ਰਹਿਣ ਵਾਲੀ ਚਿੜੀ ਅਕਸਰ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਮਿਲ ਜਾਂਦੀ ਹੈ। ਇਹਨਾਂ ਨੂੰ ਕਈ ਪ੍ਰਜਾਤੀਆਂ ਅਤੇ ਰੰਗ ਰੂਪ ਵਿੱਚ ਭਿੰਨ-ਭਿੰਨ ਸਥਾਨਾਂ ਤੇ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ। ਸ਼ਾਇਦ ਇਸ ਲਈ ਪੰਛੀਆਂ ਦੇ ਮਾਹਿਰਾਂ ਨੇ ਇਹਨੂੰ ਨਾਮ ਦਿੱਤਾ ਹੈ 'ਕਾਮਨ ਹਾਊਸ ਸਪੈਰੋ'। ਅਸੀਂ ਇਹਨੂੰ ਘਰੇਲੂ ਚਿੜੀ ਦੇ ਨਾਮ ਨਾਲ ਜਾਣਦੇ ਹਾਂ। ਇਸ ਚਿੜੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਖੁਦ ਨੂੰ ਕਿਸੇ ਦੇਸ਼ ਜਾਂ ਪ੍ਰਾਂਤ ਦੇ ਅਨੁਸਾਰ ਢਾਲ ਸਕਦੀ ਹੈ।

ਚਿੜੀ ਲਗਭਗ ਸਾਰੇ ਸੰਸਾਰ ਵਿੱਚ ਮਿਲ ਜਾਂਦੀ ਹੈ। ਇਹਨੂੰ ਉਚੇ ਪਰਬਤਾਂ, ਇਥੋਂ ਤਕ ਹਿਮਾਲਯ ਪਰਬਤ ਦੀਆਂ ਲੜੀਆਂ ਵਿੱਚ 8 ਤੋਂ 10 ਹਜ਼ਾਰ ਫੁੱਟ ਦੀ ਉਚਾਈ ਤਕ ਵੀ ਵੇਖਿਆ ਜਾ ਸਕਦਾ ਹੈ। ਇਹ ਆਪਣੀ ਮਸਤੀ ਵਿੱਚ ਚੀਂ-ਚੀਂ ਕਰਦੀ ਜਾਂ ਸਮੂਹ ਵਿੱਚ ਅਠਖੇਲੀਆਂ ਕਰਦੀ ਨਜ਼ਰ ਆਉਂਦੀ ਹੈ। ਕੁਦਰਤ ਨੇ ਚਿੜੀ ਦਾ ਸਰੀਰ ਬੜਾ ਹਲਕਾ-ਫੁਲਕਾ ਬਣਾਇਆ ਹੈ। ਇਸੇ ਕਾਰਣ ਇਹਨੂੰ ਉੜਾਨ ਭਰਨ ਵਿੱਚ ਅਨੋਖਾ ਆਨੰਦ ਆਉਂਦਾ ਹੈ। ਸਵੇਰੇ ਸੂਰਜ ਦੀਆਂ ਕਿਰਨਾਂ ਦੇ ਨਾਲ-ਨਾਲ ਇਹਨਾਂ ਦੀ ਮਿੱਠੀ ਚੀਂ-ਚੀਂ ਸੁਣਾਈ ਦੇਣ ਲੱਗਦੀ ਹੈ। ਫਿਰ ਦਾਨਾ-ਪਾਣੀ ਲੈਣ ਲਈ ਉੜਾਨ ਤੇ ਨਿਕਲਦੀ ਹੈ। ਰਾਹ ਵਿੱਚ ਘਣੇ ਰੁੱਖਾਂ ਤੇ ਕੁਝ ਦੇਰ ਆਰਾਮ ਕਰਨ ਦੇ ਬਾਅਦ ਫਿਰ ਅਜ਼ਾਦੀ ਨਾਲ ਉੜਾਨ ਭਰਨ ਲੱਗਦੀ ਹੈ। ਉੜਾਨ ਦਾ ਸਿਲਸਿਲਾ ਸੂਰਜ ਢਲਣ ਤਕ ਚਲਦਾ ਰਹਿੰਦਾ ਹੈ, ਫਿਰ ਇਹ ਆਪਣੇ ਆਲ੍ਹਣੇ ਵਿੱਚ ਵਾਪਸ ਆਉਂਦੀ ਹੈ।

ਸਾਡੇ ਦੇਸ਼ ਵਿੱਚ ਚਿੜੀ ਦੀਆਂ ਦੋ ਜਾਤੀਆਂ ਮਿਲਦੀਆਂ ਹਨ। ਦੇਸ਼ ਦੇ ਉਤਰੀ-ਪੱਛਮੀ ਇਲਾਕੇ ਵਿੱਚ ਮਿਲਣ ਵਾਲੀ ਚਿੜੀ ਬਾਕੀ ਚਿੜੀਆਂ ਤੋਂ ਥੋੜੀ ਵੱਡੀ ਹੁੰਦੀ ਹੈ। ਉਹ ਘਰਾਂ ਦੇ ਆਸ-ਪਾਸ ਆਸਾਨੀ ਨਾਲ ਵੇਖੀ ਜਾ ਸਕਦੀ ਹੈ। ਉਹ ਘਰਾਂ ਦੇ ਅੰਦਰ ਜਿਥੇ ਵੀ ਪਹੁੰਚ ਸਕਦੀ ਹੈ, ਉਥੇ ਆਪਣਾ ਆਲ੍ਹਣਾ ਬਣਾ ਲੈਂਦੀ ਹੈ।

ਗਵਾਂਢੀ ਦੇਸ਼ਾਂ ਨੇਪਾਲ, ਚੀਨ, ਤਿੱਬਤ, ਪਾਕਿਸਤਾਨ, ਸ੍ਰੀਲੰਕਾ ਆਦਿ ਵਿੱਚ ਮਿਲਣ ਵਾਲੀ ਚਿੜੀ ਦੀ ਚੁੰਝ ਔਸਤਨ ਲੰਬੀ ਹੁੰਦੀ ਹੈ ਅਤੇ ਖੰਭ ਵਾਲਾ ਹਿੱਸਾ ਕੁਝ ਉਚੱਾ ਹੁੰਦਾ ਹੈ। ਇਸ ਦੇ ਰੰਗ ਵੀ ਕੁਝ-ਕੁਝ ਵੱਖਰੇ ਹੁੰਦੇ ਹਨ। ਇਕ ਵਾਰ ਵਿੱਚ 2 ਤੋਂ 4 ਤਕ ਆਂਡੇ ਦਿੰਦੀ ਹੈ ਜਿਨ੍ਹਾਂ ਵਿਚੋਂ ਤਿੰਨ-ਚਾਰ ਹਫ਼ਤੇ ਬਾਅਦ ਨੰਨੇ ਬੱਚੇ ਨਿਕਲਣ ਲੱਗਦੇ ਹਨ। ਮਾਦਾ ਇਹਨਾਂ ਨੂੰ ਤਰਕੀਬ ਨਾਲ ਆਪਣੀ ਚੁੰਝ ਵਿੱਚ ਦਬਾ ਕੇ ਜਾਂ ਪੰਜਿਆਂ ਵਿੱਚ ਫਸਾ ਕੇ ਆਸਪਾਸ ਦੀ ਸੈਰ ਕਰਾਉਂਦੀ ਹੈ ਅਤੇ ਉਡੱਣ ਦੇ ਗੁਰ ਸਿਖਾਉਂਦੀ ਹੈ। ਹੌਲੀ-ਹੌਲੀ ਬੱਚਾ ਖੁਦ ਪਰਿਪੱਕ ਹੋ ਕੇ ਉੜਾਨ ਭਰਨ ਲੱਗਦਾ ਹੈ।

ਅਸਾਮ ਦੇ ਜੰਗਲਾਂ ਵਿੱਚ ਕਾਲੀ ਚਿੜੀ ਮਿਲਦੀ ਹੈ। ਇਹ ਬੜੀ ਤੇਜ਼-ਤਰਾਰ ਅਤੇ ਗੁਸੈਲੀ ਹੁੰਦੀ ਹੈ। ਛੇੜਨ ਤੇ ਤੁਰੰਤ ਚੁੰਝ ਨਾਲ ਵਾਰ ਕਰਦੀ ਹੋਈ ਫੁਰਰ ਕਰਕੇ ਆਸਮਾਨ ਵੱਲ ਉਡੱ ਜਾਂਦੀ ਹੈ। ■



ਪ੍ਰੇਰਕ ਪ੍ਰਸੰਗ : ਜੈਇੰਦਰ

# ਭਵਿੱਖਬਾਣੀ ਦਾ ਕਮਾਲ



ਲੰਦਨ ਦੇ ਉਸ ਵਿਦਿਆਰਥੀ ਦਾ ਨਾਂ ਵਿਲਿੰਗਟਨ ਸੀ। ਉਹ ਬਹੁਤ ਹੀ ਗਰੀਬ ਸੀ। ਸਕੂਲ ਵਿੱਚ ਹਰ ਵਕਤ ਫਟੇ ਕਪੜੇ ਅਤੇ ਟੁੱਟੇ ਜੁੱਤੇ ਪਾ ਕੇ ਜਾਇਆ ਕਰਦਾ ਸੀ। ਉਸਦੇ ਸਹਿਪਾਠੀ ਅਕਸਰ ਉਸਦਾ ਮਜਾਕ ਉਡਾਉਂਦੇ ਰਹਿੰਦੇ, ਲੇਕਿਨ ਉਹ ਜਰਾ ਵੀ ਬੁਰਾ ਨਹੀਂ ਮਨਾਉਂਦਾ ਸੀ।

ਦਰਅਸਲ, ਉਹ ਮਨ ਹੀ ਮਨ ਸੋਚਿਆ ਕਰਦਾ - ਮੇਰੇ ਗਰੀਬ ਹੋਣ ਦੇ ਕਾਰਣ ਹੀ ਇਹ ਸਹਿਪਾਠੀ ਮੇਰਾ ਮਜ਼ਾਕ ਉਡਾਉਂਦੇ ਹਨ। ਕਈ ਵਾਰ ਜਦ ਉਹ ਇਹ ਗੱਲ ਗੰਭੀਰਤਾ ਨਾਲ ਸੋਚਦਾ ਤਾਂ ਇੱਕਲਾ ਬੈਠ ਕੇ ਖੂਬ ਰੋਇਆ ਕਰਦਾ। ਫਿਰ ਆਪਣੇ ਆਪ ਨਾਲ ਸਮਝੌਤਾ ਕਰਕੇ, ਗਰੀਬੀ ਦੀ ਗੱਲ ਭੁੱਲ ਜਾਂਦਾ ਅਤੇ ਪੜਾਈ ਕਰਨ ਵਿੱਚ ਮਸਤ ਹੋ ਜਾਂਦਾ।

ਵਿਲਿੰਗਟਨ ਦੇ ਘਰ ਬਿਜਲੀ ਨਹੀਂ ਸੀ, ਇਸ ਕਾਰਣ ਉਹ ਰਾਤ ਨੂੰ ਸਟ੍ਰੀਟ ਲਾਈਟ ਦੇ ਹੇਠਾਂ ਆਪਣਾ 'ਹੋਮਵਰਕ' ਕਰਦਾ ਸੀ। ਇਕ ਵਾਰ ਵਿਲਿੰਗਟਨ ਨੇ ਕਿਸੇ ਕਾਰਣਵਸ਼ ਆਪਣਾ ਹੋਮਵਰਕ ਨਹੀਂ ਕੀਤਾ ਤਾਂ ਅਧਿਆਪਕ ਨੇ



ਉਸਦੇ ਦੋਹਾਂ ਹੱਥਾਂ ਤੇ ਡੰਡੇ ਮਾਰੇ। ਉਹ ਜਦ ਰੋਣ ਲੱਗਾ ਤਾਂ ਅਧਿਆਪਕ ਨੇ ਉਹਨੂੰ ਚੁਪ ਕਰਾਉਣ ਦੇ ਮੰਤਵ ਨਾਲ ਪੁੱਛਿਆ- ਵਿਲਿੰਗਟਨ! ਇਹ ਟਾਈਮਪੀਸ ਕੀ ਕਹਿੰਦੀ ਹੈ?

ਭੋਲੇ-ਭਾਲੇ ਵਿਲਿੰਗਟਨ ਨੇ ਉੱਤਰ ਦਿਤਾ- 'ਕਲਾਕ ਸੇਜ ਦੀ ਟਨ, ਟਨ, ਟਨ ਐਂਡ ਵਿਲਿੰਗਟਨ ਵੁਡ ਬੀ ਲਾਰਡ ਆਫ ਲੰਦਨ'

(ਘੜੀ ਕਹਿੰਦੀ ਹੈ ਟਨ, ਟਨ, ਟਨ, ਅਤੇ ਲੰਦਨ ਦਾ ਲਾਰਡ ਬਣੇਗਾ ਵਿਲਿੰਗਟਨ)।

ਇਹ ਸੁਣਦੇ ਹੀ ਜਮਾਤ ਦੇ ਬਾਕੀ ਵਿਦਿਆਰਥੀ ਜ਼ੋਰ-ਜ਼ੋਰ ਨਾਲ ਹੱਸਣ ਲਗੇ ਅਤੇ ਉਸਨੂੰ 'ਲੰਦਨ ਲਾਰਡ' ਦੇ ਨਾਮ ਨਾਲ ਚਿੜਾਉਣ ਲੱਗੇ। ਲੇਕਿਨ ਬਾਲਕ ਵਿਲਿੰਗਟਨ ਦੀ ਇਹ ਭਵਿੱਖਬਾਣੀ ਸੌ ਫੀਸਦੀ ਸੱਚ ਸਾਬਿਤ ਹੋਈ ਅਤੇ ਇਕ ਦਿਨ ਸਚਮੁਚ ਲੰਦਨ ਦਾ ਲਾਰਡ ਬਣਿਆ।

ਅਗੇ ਚਲ ਕੇ ਲਾਰਡ ਵਿਲਿੰਗਟਨ ਨੇ ਰਾਸ਼ਟਰ ਭਲਾਈ ਲਈ ਕਈ ਨੇਕ ਕਾਰਜ ਕੀਤੇ, ਜਿਨ੍ਹਾਂ ਦੇ ਕਾਰਨ ਉਹ ਅੱਜ ਵੀ ਸੰਸਾਰ ਵਿੱਚ ਅਮਰ ਹੈ।




# ਦਾਦਾ ਜੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ







ਉਸਦੇ ਮਾਤਾ-ਪਿਤਾ ਬਹੁਤ ਗਰੀਬ ਸਨ ਇਸ ਲਈ ਉਹ ਉਹਨੂੰ ਸਕੂਲ ਨਹੀਂ ਭੇਜ ਸਕੇ। ਪ੍ਰੰਤੂ ਰਘੂ ਬਹੁਤ ਬੁੱਧੀਮਾਨ ਸੀ ਇਸ ਲਈ ਸਾਰੇ ਉਹਨੂੰ ਬਹੁਤ ਪਿਆਰ ਕਰਦੇ ਸਨ।
ਇਕ ਦਿਨ ਦੀ ਗੱਲ ਹੈ। ਰਘੂ ਪਹਾੜੀ ਦੀ ਤਲਹਟੀ ਵਿੱਚ ਭੇਡਾਂ ਚਰਾ ਰਿਹਾ ਸੀ ਕਿ ਅਚਾਨਕ ਜ਼ੋਰ ਦੀ ਹਨ੍ਹੇਰੀ ਚੱਲਣ ਲੱਗੀ।
ਰਘੂ ਝਟਪਟ ਆਪਣੀਆਂ ਭੇਡਾਂ ਨੂੰ ਇੱਕਠਾ ਕਰਕੇ ਇਕ ਗੁਫ਼ਾ ਵਿੱਚ ਲੈ ਆਇਆ।


ਉਸਦੇ ਧਿਆਨ ਨਾਲ ਵੇਖਣ ਤੇ ਉਸ ਨੂੰ ਉਹਨਾਂ ਵਿਚੋਂ ਕੁਝ ਭੇਡਾਂ ਘੱਟ ਲੱਗੀਆਂ। ਉਸ ਨੇ ਫੁਰਤੀ ਨਾਲ ਗੁਫ਼ਾ ਦੇ ਦੁਆਰ ਨੂੰ ਪੱਥਰ ਨਾਲ ਬੰਦ ਕਰ ਦਿੱਤਾ ਅਤੇ ਬਾਕੀ ਭੇਡਾਂ ਨੂੰ ਲੱਭਣ ਲਈ ਚੱਲ ਪਿਆ।


ਹਨ੍ਹੇਰੀ ਬਹੁਤ ਤੇਜ਼ ਸੀ ਅਤੇ ਵਰਖਾ ਵੀ ਹੋਣ ਲੱਗੀ ਸੀ, ਤਦੇ ਰਘੂ ਨੇ ਵੇਖਿਆ ਕਿ ਪਹਾੜੀ ਤੋਂ ਗੁਜਰਨ ਵਾਲੀ ਰੇਲਵੇ-ਲਾਈਨ ਤੇ ਇਕ ਬਹੁਤ ਵੱਡੀ ਚਟਾਨ ਦੇ ਟੁਕੜੇ ਪਏ ਹਨ।


ਓ ! ਰੇਲ ਗੱਡੀ ਇਹਨਾਂ ਟੁਕੜਿਆਂ ਨਾਲ ਟਕਰਾ ਗਈ ਤਾਂ ਬਹੁਤ ਵੱਡੀ ਦੁਰਘਟਨਾ ਹੋ ਜਾਏਗੀ। ਹੋ ਸਕਦਾ ਹੈ ਕਿ ਰੇਲਗੱਡੀ ਪਲਟ ਕੇ ਖਾਈ ਵਿੱਚ ਡਿਗ ਜਾਏ।


ਇਸ ਤਰ੍ਹਾਂ ਤਾਂ ਜਾਨ-ਮਾਲ ਦੀ ਬਹੁਤ ਹਾਨੀ ਹੋ ਜਾਏਗੀ। ਤਦੇ ਉਹਨੂੰ ਰੇਲ ਗੱਡੀ ਦੀ ਸੀਟੀ ਸੁਣਾਈ ਦਿੱਤੀ। ਰਘੂ ਨੇ ਤੁਰੰਤ ਆਪਣੇ ਗਲੇ ਵਿੱਚ ਬੰਨ੍ਹਿਆ ਲਾਲ ਸਕਾਰਫ (ਮਫ਼ਲਰ) ਖੋਲ੍ਹ ਲਿਆ ਅਤੇ ਇਕ ਪਲ ਦੀ ਦੇਰੀ ਕੀਤੇ ਬਿਨਾਂ ਰੇਲਗੱਡੀ ਵੱਲ ਦਗੜ ਪਿਆ।
ਰਘੂ ਦੌੜਦਾ ਹੀ ਜਾ ਰਿਹਾ ਸੀ। ਉਧਰ ਰੇਲਗੱਡੀ ਤੇਜ਼ ਗਤੀ ਨਾਲ ਆ ਰਹੀ ਸੀ, ਲੇਕਿਨ ਉਹ ਆਪਣੇ ਪ੍ਰਾਣਾਂ ਦੀ ਪ੍ਰਵਾਹ ਕੀਤੇ ਬਿਨਾਂ ਭੱਜਦਾ ਜਾ ਰਿਹਾ ਸੀ। ਉਹ ਸਕਾਰਫ ਨੂੰ ਹਿਲਾਉਂਦੇ ਹੋਏ ਬੋਲਦਾ ਜਾ ਰਿਹਾ ਸੀ - 'ਰੋਕੋ-ਰੋਕੋ, ਅੱਗੇ ਖਤਰਾ ਹੈ।'
ਰੇਲ ਗੱਡੀ ਦੇ ਡਰਾਇਵਰ ਨੇ ਜਦ ਲਾਲ ਸਕਾਰਫ ਵੇਖਿਆ ਤਾਂ ਤੁਰੰਤ ਗੱਡੀ ਰੋਕ ਦਿੱਤੀ ਕਿਉਂਕਿ ਲਾਲ ਰੰਗ ਖਤਰੇ ਦਾ ਸੰਕੇਤ ਵੀ ਦਿੰਦਾ ਹੈ।
ਦੁਰਘਟਨਾ ਤੋਂ ਬਚਾਉਣ ਲਈ ਰੇਲ ਅਧਿਕਾਰੀਆਂ ਨੇ ਰਘੂ ਦੀ ਸਰਾਹਨਾ ਕਰਦੇ ਹੋਏ ਉਹਨੂੰ ਪੁਰਸਕਾਰਿਤ ਕਰਨ ਦੀ ਘੋਸ਼ਣਾ ਕੀਤੀ। ਜਦ ਪਿੰਡ ਵਾਲਿਆਂ ਨੂੰ ਪਤਾ ਲੱਗਾ ਤਾਂ ਉਹ ਵੀ ਉਸਦੀ ਪ੍ਰਸ਼ੰਸਾ ਕੀਤੇ ਬਿਨਾਂ ਨਾ ਰਹਿ ਸਕੇ।

# ਬੁੱਧੀ ਦੀ ਪਰਖ

ਦੋਹਾਂ ਚਿੱਤਰਾਂ ਵਿਚੋਂ
10 ਅੰਤਰ ਲੱਭੋ !



kids Nirankari
spiritual dreamland for kids

# Spiritual Zone for kids



With the blessings of His Holiness
Experience online spiritual learning
with exciting and fun features
highlights our mission's message.
Visit regularly to watch tiny tots
excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)